ਦਸੰਬਰ 2004

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 12 ◆ ਸਾਲ ਸੋਲਵਾਂ ◆ ਦਸੰਬਰ 2004

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org

**ਕਰਉ ਬੇਨੰਤੀਆ** 3
*ਸੰਪਾਦਕੀ*

**ਅਖੰਡ ਕੀਰਤਨੀ ਜਥਾ ਤੇ ਭਾਈ ਰਣਧੀਰ ਸਿੰਘ** 4
*ਡਾ. ਗੁਲਜ਼ਾਰ ਸਿੰਘ ਕੰਗ*

**ਸਾਡੀ ਧਾਰਮਿਕ ਸ਼ਬਦਾਵਲੀ (ਭਾਸ਼ਾ ਅਤੇ ਗੁਰਮਤਿ ਦੇ ਪੱਖੋਂ)** 9
*ਕੁਲਬੀਰ ਸਿੰਘ*

**'ਆਸਾ ਦੀ ਵਾਰ' ਬਾਣੀ ਦੇ ਭਾਵ** 11
*ਸੋਹਣ ਸਿੰਘ*

**ਗੁਰੂ ਕੇ ਕੀਰਤਨੀਏ** 14
*ਭਾਈ ਜਗਸੀਰ ਸਿੰਘ ਰਾਗੀ*
*ਪ੍ਰੋ. ਮੰਗਤ ਸਿੰਘ ਮਸਤਾਨਾ*

**Musical Instruments** 15
*G.S. Mansukhani*

**'ਅੰਮ੍ਰਿਤ ਕੀਰਤਨ' ਸਵੱਰ ਲਿਪੀ ਵੇਰਵਾ** 20
*ਹਰਿਭਜਨ ਸਿੰਘ*

**ਸੁਰ ਲਿਪੀਆਂ** 23
*ਜਯੋਤੀ ਕੌਰ*

**ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ** 24
*ਮਨਮੋਹਨ ਸਿੰਘ*

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 5091443

## ਕਰਉ ਬੇਨੰਤੀਆ

### ਕੀਰਤਨ ਅਤੇ ਰਬਾਬੀ

ਗੁਰੂ ਨਾਨਕ ਦੇਵ ਜੀ ਨੇ ਆਪਣੇ ਕੀਰਤਨ ਨਾਲ ਰਬਾਬ ਵਜਾਉਣ ਵਾਲੇ ਮਰਦਾਨਾ ਜੀ ਨੂੰ ਆਪਣਾ ਭਰਾ ਬਣਾਉਂਦਿਆਂ 'ਭਾਈ ਮਰਦਾਨਾ' ਕਹਿ ਕੇ ਸੰਬੋਧਿਤ ਕੀਤਾ। ਜਦੋਂ ਅਸੀ 'ਅੰਮ੍ਰਿਤ ਕੀਰਤਨ' ਆਰੰਭ ਕੀਤਾ ਸੀ ਉਦੋਂ ਹੀ ਭਾਈ ਚਾਂਦ ਦੇ ਇਹ ਮਿੱਤਰ ਸ੍ਰੀ ਤਿਰਲੋਕ ਚੰਦ ਨਾਗਪਾਲ ਰਬਾਬੀ ਕੀਰਤਨੀਆਂ ਬਾਰੇ ਲੇਖ ਲਿਖ ਕੇ ਭੇਜਣੇ ਸ਼ੁਰੂ ਕੀਤੇ ਸਨ। ਉਹਨਾਂ ਵਿਚ ਭਾਈ ਚਾਂਦ ਬਾਰੇ ਇਕ ਵਿਸਤਰਿਤ ਲੇਖ ਸੀ ਅਤੇ ਇਕ ਕਵਿਤਾ ਵੀ ਸੀ। ਸ੍ਰੀ ਨਾਗਪਾਲ ਦੇ ਇਹਨਾਂ ਲੇਖਾਂ ਤੇ ਅਧਾਰਿਤ ਪੁਸਤਕ ਜਲਦੀ ਹੀ 'ਅੰਮ੍ਰਿਤ ਕੀਰਤਨ ਟ੍ਰਸਟ' ਵੱਲੋਂ ਪ੍ਰਕਾਸ਼ਿਤ ਕੀਤੀ ਜਾਵੇਗੀ।

ਪਿੱਛੇ ਜਿਹੇ ਪਾਕਿਸਤਾਨ ਤੋਂ ਭਾਈ ਚਾਂਦ ਦੇ ਭਤੀਜੇ ਇੱਧਰ ਕੀਰਤਨ ਕਰਨ ਆਏ। ਉਹਨਾਂ ਨੂੰ ਚੰਡੀਗੜ੍ਹ ਅਤੇ ਦਿੱਲੀ ਵਿਚ ਕਾਫੀ ਮਾਣ ਸਤਿਕਾਰ ਪ੍ਰਾਪਤ ਹੋਇਆ। ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਵੀ ਉਹਨਾਂ ਦਾ ਸਨਮਾਨ ਕਰਨ ਵਿਚ ਹਿੱਸਾ ਪਾਇਆ। ਮੈਂ ਭਾਈ ਚਾਂਦ ਦਾ ਕੀਰਤਨ ਨਹੀਂ ਸੁਣਿਆ ਪਰ ਏਧਰ ਵਸਦੇ ਬਹੁਤੇ ਰਬਾਬੀਆਂ ਦਾ ਕੀਰਤਨ ਸੁਣਿਆ ਹੈ। ਇਹਨਾਂ ਵਿਚੋਂ ਗਾਇਕੀ ਪੱਖੋਂ ਮੈਨੂੰ ਭਾਈ ਪਾਲ ਸਿੰਘ, ਪ੍ਰਸਿਧ ਕੀਰਤਨੀਆਂ ਦੀ ਜੋੜੀ ਭਾਈ ਜੱਸਾ ਪਾਲਾ ਦੇ ਨਾਮ ਨਾਲ ਪ੍ਰਸਿੱਧ ਸੀ। ਉਹਨਾਂ ਵਿਚੋਂ ਭਾਈ ਪਾਲ ਸਿੰਘ ਅਤੇ ਭਾਈ ਮੋਹਨਪਾਲ ਸਿੰਘ ਦੀ ਗਾਇਕੀ ਦਾ ਆਪਣਾ ਨਿਵੇਕਲਾ ਹੀ ਰੰਗ ਸੀ। ਆਖਰੀ ਜੋੜੀ- ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਮੋਹਨਪਾਲ ਸਿੰਘ ਦੀ ਵਧੀਆ ਜੋੜੀ ਸੀ। ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਜੋੜੀ ਵੀ ਭਾਈ ਦਿਲਬਾਗ ਸਿੰਘ ਦੇ ਆਕਾਲ ਚਲਾਣੇ ਨਾਲ ਟੁੱਟ ਗਈ। ਖੈਰ ਜੋੜੀਆਂ ਜਗ ਥੋੜੀਆਂ।

ਕੀਰਤਨ ਵਿਚ ਕੁਝ ਸਮੇਂ ਤੋਂ ਸ਼ੁਧ ਗਾਇਕੀ ਨੂੰ ਦਰ ਕਿਨਾਰ ਕਰਕੇ, ਧਾਰਮਿਕ ਵਿਆਖਿਆ, ਜੱਥਿਆਂ ਵਲੋਂ ਕੀਤੇ ਜਾ ਸਮਾਜਿਕ ਚੈਰੀਟੇਬਲ ਕਾਰਜਾਂ ਨੂੰ ਵਧੇਰੇ ਮਹੱਤਤਾ ਦਿੱਤੀ ਜਾ ਰਹੀ ਹੈ। ਇਹ ਸਾਰੇ ਕਾਰਜ ਅਤੀ ਉੱਤਮ ਹਨ। ਪਰ ਇਹਨਾਂ ਕਰਕੇ ਕੀਰਤਨ ਦੀ ਬਲੀ ਨਾ ਚੜ੍ਹਾਈ ਜਾਵੇ ਤਾਂ ਚੰਗਾ ਹੈ। ਕੀਰਤਨ-ਰਾਗ ਵਿਚ ਗੁਰਬਾਣੀ ਗਾਇਕ ਨੂੰ ਕਿਹਾ ਜਾਂਦਾ ਹੈ। ਰਾਗ ਤੋਂ ਬਿਨਾ ਕੀਤਾ ਕੀਰਤਨ ਸੁਰੀਲਾ ਸਾਫ ਹੋ ਸਕਦਾ ਹੈ। ਅਜਿਹਾ ਕੀਰਤਨ, ਕੀਰਤਨ ਦੀ ਪਰਿਭਾਸ਼ਾ ਅਨੁਸਾਰ ਪੂਰਾ ਨਹੀਂ ਉਤਰਦਾ।

ਗੁਰਬਾਣੀ ਦੇ ਕੀਰਤਨ ਵਿਚ ਰਾਗ ਦੁਆਰਾ ਸੋਜ਼ ਪੈਦਾ ਕਰ ਸਕਣਾ ਇਹ ਰਿਆਜ਼ ਦੇ ਨਾਲ ਨਾਲ ਮਨ ਦੇ ਅੰਤਰੀਵੀ ਭਾਵਾਂ ਨਾਲ ਵੀ ਸੰਬੰਧਤ ਹੁੰਦਾ ਹੈ।

ਅਸੀਂ ਭਾਈ ਚਾਂਦ ਦੇ ਉਤਰਾਧਿਕਾਰੀਆਂ ਦਾ ਕੀਰਤਨ ਸੁਣਿਆ ਹੈ ਅਜਿਹਾ ਪ੍ਰਭਾਵਸ਼ਾਲੀ ਕੀਰਤਨ ਹਰ ਕੋਈ ਨਹੀਂ ਕਰ ਸਕਦਾ। ਪਾਕਿਸਤਾਨ ਤੋਂ ਆਇਆ ਭਾਈ ਗੁਲਾਮ ਮੁਹੰਮਦ ਚਾਂਦ ਸੁਰੀਲਾ ਹੈ। ਇਹਨਾਂ ਨੇ ਭਾਈ ਚਾਂਦ ਦੇ ਕੀਰਤਨ ਦੀ ਸ਼ੈਲੀ ਨੂੰ ਕਾਫੀ ਹੱਦ ਤੱਕ ਕਾਇਮ ਰੱਖਿਆ ਹੋਇਆ ਹੈ। ਸਾਡੇ ਕੀਰਤਨੀਏ ਅਜਿਹੇ ਕੀਰਤਨ ਤੋਂ ਜ਼ਰੂਰ ਲਾਭ ਲੈ ਸਕਦੇ ਹਨ।

ਇਹ ਠੀਕ ਹੈ ਕੀਰਤਨ ਕਰਨ ਲਈ ਸ਼ਰਧਾ ਜ਼ਰੂਰੀ ਹੈ। ਪਰ ਇਹ ਕਿਵੇਂ ਪਤਾ ਲੱਗੇ ਕਿ ਕੀਰਤਨੀਆਂ ਸ਼ਰਧਾ ਨਾਲ ਕੀਰਤਨ ਕਰ ਰਿਹਾ ਹੈ। ਮੇਰੇ ਵਿਚਾਰ ਅਨੁਸਾਰ ਤਾਂ ਇਸ ਦਾ ਪਤਾ ਇਥੋਂ ਹੀ ਲੱਗੇਗਾ ਕਿ ਇਸ ਨੇ ਕੀਰਤਨੀਏ ਆਪਣੇ ਗੁਰੂ ਦਾ ਸ਼ਬਦ ਗਾਇਨ ਕਰਨ ਲਈ ਰਾਗ ਦਾ ਰਿਆਜ਼ ਕੀਤਾ ਹੈ ਜਾਂ ਐਵੇਂ ਬਿਨਾਂ ਸਿੱਖੇ-ਸਿਖਾਏ ਆਪਣੀ ਵਡਿਆਈ ਕਰਾਉਣ ਹਿੱਤ ਨਿਸ਼ਕਾਮ ਕੀਰਤਨੀਆ ਬਣਕੇ ਗੁਰਦੁਆਰੇ ਦੀ ਸਟੇਜ ਤੇ ਬੈਠ ਗਿਆ ਹੈ। ਜਿਸ ਨੇ ਕੀਰਤਨ ਸਿੱਖਣ ਲਈ ਕੁਝ ਸਾਲ ਕਿਸੇ ਉਸਤਾਦ ਦੀ ਮਾਰ ਖਾਧੀ ਹੈ ਅਤੇ ਰਿਆਜ਼ ਕੀਤਾ ਹੈ ਉਹ ਕੀਰਤਨੀਆ ਨਿਸ਼ਚੇ ਹੀ ਵਧੇਰੇ ਸ਼ਰਧਾ ਰੱਖਦਾ ਹੈ।

ਇਹ ਠੀਕ ਹੈ, ਹਰਿਮੰਦਰ ਸਾਹਿਬ ਵਿਚ ਹੁਣ ਅਸੀਂ ਅੰਮ੍ਰਿਤਧਾਰੀ ਕੀਰਤਨੀਆਂ ਨੂੰ ਹੀ ਕੀਰਤਨ ਕਰਨ ਦੀ ਆਗਿਆ ਦੇਣੀ ਹੈ, ਪਰ ਇਹਨਾਂ ਅੰਮਿਤਧਾਰੀ ਕੀਰਤਨੀਆਂ ਉੱਤੇ ਰਾਗ ਵਿਚ ਕੀਰਤਨ ਕਰਨ ਦੀ ਬੰਦਸ਼ ਤਾਂ ਲਗਾਈ ਜਾ ਸਕਦੀ ਹੈ।

ਗੈਰ ਅੰਮ੍ਰਿਤਧਾਰੀ ਰਬਾਬੀ ਕੀਰਤਨੀਆਂ ਨੂੰ ਸ੍ਰੀ ਅੰਮ੍ਰਿਤਸਰ ਦੇ ਕਿਸੇ ਹੋਰ ਸਥਾਨ ਤੇ ਕੀਰਤਨ ਦਾ ਮੌਕਾ ਦੇ ਕੇ ਪੁਰਾਤਨ ਪਰੰਪਰਾ ਨੂੰ ਯਾਦ ਤਾਂ ਰੱਖਿਆ ਜਾ ਸਕਦਾ ਹੈ।

ਇਹ ਮੇਰੇ ਵਲਵਲੇ ਹਨ। ਇਹਨਾਂ ਨੂੰ ਮੰਨਿਆ ਜਾਣਾ, ਪਤਾ ਨਹੀਂ ਜ਼ਰੂਰੀ ਵੀ ਹੈ ਕਿ ਨਹੀਂ। ਕਈਆਂ ਗੱਲਾਂ ਬਾਰੇ ਮੈਨੂੰ ਇਹ ਪਤਾ ਹੀ ਨਹੀਂ ਲੱਗਦਾ ਇਹ ਅਜੋਕੀ ਮਰਯਾਦਾ ਦੇ ਅਨੁਸਾਰ ਹਨ ਜਾਂ ਨਹੀਂ ਖਿਮਾ ਕਰਨਾ।

# ਅਖੰਡ ਕੀਰਤਨੀ ਜਥਾ ਤੇ ਭਾਈ ਰਣਧੀਰ ਸਿੰਘ

ਡਾ. ਗੁਲਜ਼ਾਰ ਸਿੰਘ ਕੰਗ : ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ 'ਚੋਂ ਧੰਨਵਾਦ ਸਹਿਤ

ਸਿੱਖ ਧਰਮ ਵਿਚ ਸੁਰ-ਤਾਲ ਨਾਲ ਗੁਰਬਾਣੀ ਨੂੰ ਰਾਗਾਂ ਵਿਚ ਗਾਇਨ ਕਰਨ ਦਾ ਨਾਮ 'ਕੀਰਤਨ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਮਰਦਾਨੇ ਨੂੰ ਸਭ ਤੋਂ ਪਹਿਲਾਂ ਕੀਰਤਨ ਦੀ ਜਾਚ ਸਿਖਾਈ ਅਤੇ ਇਸ ਤੋਂ ਪਿੱਛੋਂ ਗੁਰਮਤਿ ਪ੍ਰਚਾਰ ਲਈ ਕੀਰਤਨ ਇਕ ਪਵਿੱਤਰ ਪਰੰਪਰਾ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਸਰੰਦੇ ਰਾਹੀਂ ਕੀਰਤਨ ਕਰਨ ਦੀ ਪ੍ਰੇਰਨਾ ਸਿੱਖ ਸੰਗਤਾਂ ਨੂੰ ਦਿੱਤੀ ਅਤੇ ਉਸ ਸਮੇਂ ਤੋਂ ਹੀ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਉੱਪਰ ਕੀਰਤਨ ਦੀਆਂ ਚਾਰ ਚੌਂਕੀਆਂ ਦੀ ਪਰੰਪਰਾ ਚਲੀ ਆ ਰਹੀ ਹੈ। ਅਸਲ ਵਿਚ ਸਿੱਖ ਧਰਮ ਵਿਚ ਕੀਰਤਨ ਸਾਧਨਾਂ ਦੀ ਇਕ ਪਧਤੀ ਹੈ ਜੋ ਗੁਰਸਿੱਖ ਨੂੰ ਪਰਮਸ਼ਕਤਿ ਨਾਲ ਜੋੜਦੀ ਹੈ। ਭਾਈ ਰਣਧੀਰ ਸਿੰਘ ਜੀ ਨੇ ਜਦ ਗੁਰਮਤਿ ਨਾਮ ਅਭਿਆਸ ਕਮਾਈ ਰਾਹੀਂ 'ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥'[1] ਦਾ ਅਨਹਦੀ ਅਨੁਭਵ ਆਪਣੇ ਹਿਰਦੇ ਅੰਦਰ ਕੀਤਾ ਤਾਂ ਆਪ ਨੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਗੁਰਬਾਣੀ ਦਾ ਨਿਰਬਾਣ ਅਤੇ ਅਖੰਡ ਕੀਰਤਨ ਕਰਨਾ ਅਰੰਭ ਕਰ ਦਿੱਤਾ। ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਅਧਾਰ ਬਣ ਗਿਆ ਅਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਵਿਚ ਵਿਚਰਨ ਲੱਗੇ। ਕੀਰਤਨ ਦੇ ਵਿਸਮਾਦੀ ਰੰਗ ਦਾ ਸਿੱਖ ਸੰਗਤਾਂ ਅਤੇ ਆਪ ਦੇ ਨਿਕਟਵਰਤੀਆਂ ਉੱਪਰ ਅਜਿਹਾ ਪ੍ਰਭਾਵ ਪਿਆ ਕਿ ਉਹ ਆਪ ਦੇ ਅਨਿਨ ਪ੍ਰੇਮੀ ਬਣ ਗਏ। ਸਹਿਜੇ ਸਹਿਜੇ ਅਖੰਡ ਕੀਰਤਨੀ ਜਥਾ ਤਿਆਰ ਹੋ ਗਿਆ ਜੋ ਪਿੱਛੋਂ ਆ ਕੇ ਇਕ ਸੰਸਥਾ ਦਾ ਰੂਪ ਧਾਰਨ ਕਰ ਗਿਆ। ਇਹ ਅਖੰਡ ਕੀਰਤਨੀ ਜਥਾ ਦੇਸ ਪ੍ਰਦੇਸ ਵਿਚ ਸਿੱਖ ਸੰਗਤਾਂ ਨੂੰ ਅੱਜ ਵੀ ਗੁਰਬਾਣੀ ਨਾਲ ਜੋੜਨ ਦੀ ਸੇਵਾ ਕਰ ਰਿਹਾ ਹੈ।

ਇਸ ਤੋਂ ਪਹਿਲਾਂ ਕਿ ਭਾਈ ਸਾਹਿਬ ਜੀ ਦੇ ਅਖੰਡ ਕੀਰਤਨ ਅਤੇ ਅਖੰਡ ਕੀਰਤਨੀ ਜਥੇ ਦੀ ਗੱਲ ਕੀਤੀ ਜਾਵੇ, ਇਹ ਜਾਣ ਲੈਣਾ ਜ਼ਰੂਰੀ ਹੈ ਕਿ 'ਅਖੰਡ ਕੀਰਤਨ' ਅਤੇ 'ਨਿਰਬਾਣ ਕੀਰਤਨ' ਤੋਂ ਕੀ ਭਾਵ ਹੈ। ਗੁਰਬਾਣੀ ਵਿਚ ਕੀਰਤਨ ਨੂੰ ਪਰਮਾਰਥ ਦੀ ਪ੍ਰਾਪਤੀ ਦਾ ਸਾਧਨ ਪ੍ਰਵਾਨ ਕੀਤਾ ਗਿਆ ਹੈ। ਇਹ ਕੀਰਤਨ ਜਦ ਨਾਮ-ਧੁਨਿ ਬਣ ਕੇ ਗੁਰਸਿੱਖ ਦੇ ਹਿਰਦੈ ਅੰਦਰ ਨਿਰੰਤਰ ਚਲ ਪੈਂਦਾ ਹੈ ਤਾਂ ਇਸ ਨੂੰ ਅਖੰਡ ਕੀਰਤਨ ਕਿਹਾ ਜਾਂਦਾ ਹੈ। ਜਿਨ੍ਹਾਂ ਗੁਰਸਿੱਖਾਂ ਉਪਰ ਗੁਰੂ ਦੀ ਅਪਾਰ ਕਿਰਪਾ ਹੋ ਜਾਂਦੀ ਹੈ, ਉਹਨਾਂ ਦੇ ਜੀਵਨ ਦਾ ਨਿਰਬਾਹ ਅਤੇ ਭੋਜਨ ਕੀਰਤਨ ਰਸ ਹੀ ਹੋ ਨਿਬੜਦਾ ਹੈ।[2] ਜਿਥੇ ਪਹਿਲੇ ਜੁਗਾਂ ਵਿਚ ਜਤੁ, ਸੰਜਮ, ਤੀਰਥ ਤੇ ਧਰਮ-ਕਰਮ ਪਰਮਾਰਥ ਦੇ ਸਾਧਨ ਸਨ, ਉਥੇ ਕਲਜੁਗ ਹਰਿ ਕੀਰਤ ਦੀ ਰੁੱਤ ਹੈ।[3] ਇਸ ਸਮੇਂ ਵਿਚ ਕਰਮ-ਧਰਮ ਦੀ ਖੇਤੀ ਤਾਂ ਜਮਦੂਤਾਂ ਨੇ ਲੁੱਟ ਕੇ ਲੈ ਜਾਣੀ ਹੈ, ਕੇਵਲ ਨਿਰਬਾਣ ਕੀਰਤਨ ਹੀ ਇਕ ਅਜਿਹਾ ਸਾਧਨ ਹੈ ਜੋ ਇਸ ਮਾਰ ਤੋਂ ਬਚਾਈ ਵੀ ਰੱਖਦਾ ਹੈ ਅਤੇ ਮੁਕਤਿ-ਜੁਗਤਿ ਦੀ ਪ੍ਰਾਪਤੀ ਵੀ ਇਸੇ ਰਾਹੀਂ ਹੋਣੀ ਹੈ।[4] ਨਿਰਬਾਣ ਦਾ ਸ਼ਬਦੀ ਅਰਥ 'ਸ਼ੁੱਧ' ਜਾਂ 'ਬਿਨਾਂ ਕਿਸੇ ਲਗ ਲਗਾਓ' ('ਸਦਾ ਅਲਗੁ ਰਹੈ ਨਿਰਬਾਣ', ਮਲਾਰ ਮ: 3) ਹੈ। ਨਿਰਬਾਣੀ ਕੀਰਤਨ (ਮੈਂ ਪਿੱਛੇ ਕੀਰਤਨ ਕਰਿਅਹੁ ਨਿਰਬਾਣ ਜੀਉ)[5] ਪਰਮਾਤਮਾ ਦੀ ਉਹ ਨਿਰੋਲ ਸਿਫ਼ਤ ਸਲਾਹ ਹੈ, ਜਿਸ ਉੱਪਰ ਕਿਸੇ ਕਰਮ-ਧਰਮ ਦਾ ਕੋਈ ਅਸਰ ਨਹੀਂ ਹੁੰਦਾ।

ਭਾਈ ਰਣਧੀਰ ਸਿੰਘ ਜੀ ਨੇ ਅਖੰਡ ਕੀਰਤਨ ਜਾਂ ਹਰਿ-ਕੀਰਤਨ ਨੂੰ ਅਮੋਲਕ ਦਾਤ ਸਮਝਦੇ ਹੋਏ ਆਪਣੀ ਸਮੁੱਚੀ ਚੇਤਨਾ ਨੂੰ ਇਸ ਨਾਲ ਕੇਂਦਰਿਤ ਕਰਨ ਦਾ ਯਤਨ ਕੀਤਾ। ਆਪ ਕਿਹਾ ਕਰਦੇ ਸਨ ਕਿ ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਵੀ ਪਾਰਸ ਕਲਾ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ ਕਲਾ ਵਰਤਾਉਣ ਦੇ ਸਮਰਥ ਹੈ।[6] ਗੁਰਬਾਣੀ ਦੇ ਕੀਰਤਨ ਵਿਚ ਅਕਹਿ ਰਸ ਹੈ। ਜਿਉਂ ਜਿਉਂ ਕੀਰਤਨ ਕਮਾਈ ਵਧਦੀ ਹੈ, ਤਿਉਂ ਤਿਉਂ ਕੀਰਤਨ ਕਲਾ-ਰਸ ਦਾ ਵਿਗਾਸ ਹੁੰਦਾ ਹੈ। ਇਹੀ ਕਾਰਨ ਸੀ ਕਿ ਆਪ ਘੰਟਿਆਂ ਬਧੀ ਇਕੋ ਚੌਕੜੀ ਮਾਰੀ ਗੁਰਬਾਣੀ ਦਾ ਅਖੰਡ ਕੀਰਤਨ ਕਰਦੇ ਸਨ। ਕੀਰਤਨ ਕਰਦਿਆਂ ਉਹਨਾਂ ਨੂੰ ਕਦੇ ਥਕੇਵਾਂ ਨਹੀਂ ਹੁੰਦਾ ਸੀ। ਉਹ ਸਮਝਦੇ ਸਨ ਕਿ

ਗੁਰਬਾਣੀ ਦੇ ਨਿਰੰਤਰ ਕੀਰਤਨ ਰਾਹੀਂ ਦਿਲ ਦਿਮਾਗ ਵਿਚ ਅੰਮ੍ਰਿਤ-ਕਲਾ ਵਰਤਦੀ ਹੈ ਅਤੇ ਕੀਰਤਨ ਅਹਾਰੀਆਂ ਦਾ ਪਵਿੱਤਰ ਅਹਾਰ ਇਸ ਰਸ-ਵਿਗਾਸ ਨੂੰ ਪ੍ਰਾਪਤ ਕਰਨਾ ਹੈ। ਇਹੀ ਸਚਿਆਰ ਸਿੱਖ ਦਾ ਪੂਰਨ ਅਹਾਰ ਹੈ।

ਕੀਰਤਨ ਕਰਨ ਦਾ ਅਮਲ ਭਾਈ ਸਾਹਿਬ ਦੇ ਜੀਵਨ ਵਿਚ 1901 ਈ. ਤੋਂ ਹੀ ਅਰੰਭ ਹੋ ਜਾਂਦਾ ਹੈ।[7] ਅੰਮ੍ਰਿਤ ਛਕਣ ਪਿੱਛੋਂ ਤਾਂ ਆਪ ਨੇ ਬਕਾਇਦਾ ਜਥਾ ਬਣਾ ਕੇ ਕੀਰਤਨ ਕਰਨਾ ਅਰੰਭ ਕਰ ਦਿੱਤਾ ਸੀ। ਜੇਲ੍ਹ ਚਿੱਠੀਆਂ ਵਿੱਚ ਆਪ ਲਿਖਦੇ ਹਨ:

ਪਿੰਡ ਨਾਰੰਗਵਾਲ ਵਿੱਚ ਹੀ ਸ਼ਬਦੀ ਜਥਾ ਸੋਹਣੇ ਰੰਗ ਵਿਚ ਸਜ ਗਿਆ ਸੀ। ਚਾਹੇ ਪਿੰਡ ਵਿਚ ਹੋਰ ਕਈ ਸਿੰਘ ਸਜ ਗਏ ਸਨ ਅਤੇ ਕਈ ਘਰਾਣਿਆਂ ਦੇ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਬਿਬੇਕ ਜੀਵਨ ਵਾਲੇ ਵਿਰਲੇ ਹੀ ਸਨ। ਇਨ੍ਹਾਂ ਦੇ ਸੰਗ ਸਾਥ ਮਿਲਕੇ ਹੀ ਪਿੰਡ ਵਿਚ ਕੀਰਤਨ ਦਾ ਅਨੰਦ ਲੈਂਦੇ ਅਤੇ ਬਾਹਰ ਦੀਵਾਨਾਂ ਉੱਪਰ ਵੀ ਜਾਂਦੇ ਸਾਂ। ਪਿੰਡ ਨਾਰੰਗਵਾਲ ਵਿਚ ਉਪਰੋਂ ਥਲੀ ਕਈ ਦੀਵਾਨ ਕੀਤੇ ਅਤੇ ਸ਼ਬਦੀ ਜਥਾ (ਜੋ ਬਾਅਦ ਵਿਚ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਜਾਣਿਆ ਜਾਣ ਲੱਗਾ) ਤਕੜੀਆਂ ਲਹਿਰਾਂ ਵਿਚ ਹੋ ਗਿਆ।[8]

ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਦੇ ਨਾਮ ਰੰਗ ਵਿਚ ਆਪਣੇ ਆਪ ਨੂੰ ਰੰਗ ਕੇ ਇਲਾਹੀ ਬਾਣੀ ਦਾ ਨਿਰਬਾਣ ਕੀਰਤਨ ਕੀਤਾ ਅਤੇ ਸਿੱਖ ਸੰਗਤਾਂ ਨੂੰ ਇਸ ਅਖੰਡ ਕੀਰਤਨ ਜਥੇ ਦੇ ਰੂਪ ਵਿਚ ਸੰਸਥਾਗਤ ਰੂਪ ਦਿੱਤਾ। ਆਪ ਦੇ ਪ੍ਰਲੋਕ ਸਿਧਾਰਨ ਪਿੱਛੋਂ ਰਣਧੀਰ ਸਿੰਘੀ ਜੀਵਨ-ਜਾਚ ਤੇ ਚੱਲਣ ਵਾਲੇ ਸਾਰੇ ਗੁਰਸਿੱਖ ਅਖੰਡ ਕੀਰਤਨੀ ਕਰਕੇ ਜਾਣੇ ਜਾਣ ਲੱਗੇ। ਇਸੇ ਕਰਕੇ ਇਸ ਜਥੇ ਦਾ ਇੱਕ ਸੇਵਾਦਾਰ ਅਖੰਡ ਕੀਰਤਨੀ ਜਥੇ ਨੂੰ ਪਰਿਭਾਸ਼ਿਤ ਕਰਦਾ ਹੋਇਆ ਲਿਖਦਾ ਹੈ:

ਅਖੰਡ ਕੀਰਤਨੀ ਜਥਾ ਗੁਰਮੁਖ ਪਿਆਰੜੀਆਂ, ਰੂਹੜੀਆਂ, ਨਾਮ ਰਤੜੀਆਂ ਜਿੰਦਾਂ ਦਾ ਇੱਕ ਇਕੱਠ ਹੈ ਜੋ ਪਰਮਾਰਥ ਦੇ ਰਾਹ ਤੇ ਚਲਦੇ ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਸ਼ਾਂਤ ਸਤੁਗੁਣੀ ਸੁਭਾਅ ਵਿਚ ਰਹਿੰਦਿਆਂ ਸਤਿ ਸੰਤੋਖ ਦਾ ਜੀਵਨ ਬਤੀਤ ਕਰਦੇ ਹਨ।[9]

ਭਾਈ ਸਾਹਿਬ ਜੀ ਦੇ ਅਖੰਡ ਕੀਰਤਨੀ ਜਥੇ ਵਿਚ ਕੇਵਲ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਹੀ ਸ਼ਾਮਲ ਨਹੀਂ, ਸਗੋਂ ਸਿੰਘਣੀਆਂ ਵੀ ਬਰਾਬਰ ਦੀਆਂ ਭਾਈਵਾਲ ਸਨ। ਇਸ ਵਿਚ ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਸਿਵਲ ਤੇ ਮਿਲਟਰੀ ਅਫਸਰ, ਵਪਾਰੀ, ਪਿੰਡਾਂ ਦੇ ਕਿਸਾਨ, ਗੱਲ ਕੀ ਹਰ ਵਰਗ ਦੇ ਸਿੰਘ ਸ਼ਾਮਲ ਹਨ।[10] ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਦੀ ਪਛਾਣ ਪ੍ਰਕਾਸ਼ ਹੋਇਆ ਦਾਹੜਾ, ਸੁਰਮਈ ਦੂਹਰਾ ਦਸਤਾਰਾ, ਸਿੰਘਣੀਆਂ ਦੇ ਸੀਸ ਤੇ ਕੇਸਕੀਆਂ, ਗਾਤਰੇ ਕਿਰਪਾਨ ਅਤੇ ਸਮੁੱਚਾ ਗੁਰਸਿੱਖੀ ਪਹਿਰਾਵਾ ਹੈ।

ਅਖੰਡ ਕੀਰਤਨੀ ਜਥੇ ਦਾ ਕੀਰਤਨ ਕਰਨ ਦਾ ਢੰਗ ਵੀ ਅਨੋਖਾ, ਵਿਲੱਖਣ ਅਤੇ ਸਰੋਤਿਆਂ ਦੇ ਮਨਾਂ ਨੂੰ ਟੁੰਬਣ ਵਾਲਾ ਹੁੰਦਾ ਹੈ। ਭਾਈ ਸਾਹਿਬ ਜੀ ਗੁਰਬਾਣੀ ਦੇ ਭਾਵਾਂ ਨਾਲ ਇਕਸੁਰ ਹੋ ਕੇ, ਗੁਰਬਾਣੀ ਵਿਚ ਦਰਸਾਏ ਵਲਵਲਿਆਂ ਨੂੰ ਚਖ-ਚਖ ਕੇ ਰੰਗਰਸ ਲੀਨ ਹੋ ਕੇ ਆਤਮ ਤਰੰਗਾਂ ਵਿਚ ਕੀਰਤਨ ਦੀਆਂ ਐਸੀਆਂ ਧੁਨੀਆਂ ਗੁੰਜਾਉਂਦੇ ਸਨ ਕਿ ਸਾਰੇ ਪਾਸੇ ਰਸ ਹੀ ਰਸ ਪਸਰ ਜਾਂਦਾ ਸੀ। ਉਹ ਜਿੱਥੇ ਵੀ ਕੀਰਤਨ ਕਰਦੇ ਐਸਾ ਅਧਿਆਤਮਿਕ ਵਾਤਾਵਰਨ ਪੈਦਾ ਕਰ ਦਿੰਦੇ ਕਿ ਜੋ ਵੀ ਮਾਈ-ਭਾਈ ਇਹ ਕੀਰਤਨ ਸੁਣਦਾ ਉਸਦੀ ਕਾਇਆ ਕਲਪ ਹੁੰਦੀ ਜਾਂਦੀ ਅਤੇ ਉਹ ਅੰਦਰੋਂ ਅੰਦਰੀ ਕਿਸੇ ਅਗੰਮੀ ਰੂਹਾਨੀ ਸੰਸਾਰ ਵਿਚ ਵਿਚਰਦੇ ਮਹਿਸੂਸ ਕਰਦੇ। ਉਹਨਾਂ ਦਾ ਕੀਰਤਨ ਪ੍ਰੀਤਮ ਪਿਆਰੇ ਅੱਗੇ ਪ੍ਰੇਮ ਵੇਦਨਾ ਦੀਆਂ ਅਰਜੋਈਆਂ ਵਾਲਾ ਹੁੰਦਾ ਸੀ, ਜਿਸ ਨੂੰ ਸੁਣ ਕੇ ਸੰਗਤ ਦੀ ਮਾਨਸਿਕਤਾ ਆਪਣੇ ਆਪ ਨੂੰ ਪਰਮਾਤਮਾ ਦੇ ਸਨਮੁਖ ਅਨੁਭਵ ਕਰਦੀ ਸੀ। ਤਰਜਾਂ ਸਧਾਰਨ ਅਤੇ ਸੌਖੀਆਂ ਹੋਣ ਕਰਕੇ ਸਮੂਹ ਸੰਗਤਾਂ ਕੀਰਤਨ ਦਾ ਰਸ ਮਾਣਦੀਆਂ ਹੋਈਆਂ ਆਪ ਵੀ ਹਰ ਜਸ ਗਾਇਣ ਕਰਨ ਵਿਚ ਸ਼ਾਮਲ ਹੋ ਜਾਂਦੀਆਂ ਸਨ। ਕੀਰਤਨ ਦੇ ਇਸ ਸੰਚਾਰੀ ਭਾਵ ਬਾਰੇ ਗੱਲ ਕਰਦੇ ਆਪ 'ਹਰਿ ਕੀਰਤਨ' ਨਾਮੀ ਲੇਖ ਵਿਚ ਕਹਿੰਦੇ ਹਨ:

ਪ੍ਰੇਮਾ ਭਗਤੀ ਦੇ ਰੰਗਾਂ ਵਿਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜ਼ੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ ਨਾਦ ਹੱਥ ਬੰਨੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿਚ ਆਈਦਾ ਹੈ ਤਾਂ ਅਜ਼ਗੈਬੀ ਰਾਗ ਆਪੇ ਹੀ ਸਫ਼ਰਨ ਹੁੰਦੇ ਹਨ।[11]

ਆਮ ਤੌਰ ਤੇ ਸਿੱਖ ਧਰਮ ਵਿਚ ਕੀਰਤਨ ਨੂੰ ਇੱਕ ਧੰਦਾ ਬਣਾ ਲਿਆ ਗਿਆ ਹੈ। ਵੱਡੇ ਵੱਡੇ ਰਾਗੀ ਜਥੇ ਇਸ ਰਾਹੀਂ ਲੱਖਾਂ ਰੁਪਏ ਕਮਾ ਰਹੇ ਹਨ। ਪਰ ਭਾਈ ਸਾਹਿਬ ਨੇ ਅਖੰਡ ਕੀਰਤਨ ਨੂੰ ਕਿੱਤੇ ਦੇ ਰੂਪ ਵਿਚ ਨਹੀਂ, ਸਗੋਂ ਮਾਨਸਿਕ ਚੜ੍ਹਦੀ ਕਲਾ, ਨਾਮ ਅਭਿਆਸ ਕਮਾਈ

ਤੇ ਸਿੱਖੀ ਪਰਚਾਰ ਲਈ ਅਪਨਾਇਆ। ਆਪ ਨੇ ਪਹਿਲੀ ਵਾਰ ਜਦੋਂ ਅਕਾਲ ਤਖ਼ਤ ਸਾਹਿਬ ਉੱਪਰ ਕੀਰਤਨ ਕੀਤਾ ਤਾਂ ਮਾਇਆ ਦਾ ਮੀਂਹ ਵਰਸ ਗਿਆ, ਨੋਟਾਂ ਦਾ ਢੇਰ ਲੱਗ ਗਿਆ। ਆਪ ਕੀਰਤਨ ਕਰਕੇ ਉਠੇ ਤਾਂ ਮਾਇਆ ਨੂੰ ਹੱਥ ਨਾ ਲਾਇਆ। ਇਸ ਨੂੰ ਵੇਖ ਕੇ ਪੁਜਾਰੀ ਹੈਰਾਨ ਰਹਿ ਗਏ ਕਿ ਅਸੀਂ ਤਾਂ ਮਾਇਆ ਬਦਲੇ ਇਹਨਾਂ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਦਿੰਦੇ ਸਾਂ। ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਆਮ ਤੌਰ ਤੇ ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸ ਜਥੇ ਦੀ ਵੱਡੀ ਦੇਣ ਇਹ ਹੈ ਕਿ ਇਸ ਦੇ ਪਰਿਵਾਰਾਂ ਦੇ ਨੌਜਵਾਨ ਅੱਜ ਵੀ ਪੂਰੀ ਰਹਿਤ-ਬਹਿਤ ਦੇ ਧਾਰਨੀ ਹਨ ਜਦ ਕਿ ਅਜੋਕੀ ਸਿੱਖ ਪਨੀਰੀ ਪਤਿਤਪੁਣੇ ਅਤੇ ਨਸ਼ਿਆਂ ਦੇ ਸੇਵਨ ਦੀ ਸ਼ਿਕਾਰ ਹੋ ਰਹੀ ਹੈ।

ਅੱਜ ਕੱਲ੍ਹ ਪ੍ਰੋਫੈਸ਼ਨਲ ਰਾਗੀ ਰੋਟੀਆਂ ਕਾਰਨ ਤਾਲ ਪੂਰਦੇ ਹਨ। ਇਸ ਕੀਰਤਨ ਰਾਹੀਂ ਨਾ ਤਾਂ ਉਹਨਾਂ ਦਾ ਆਪਣਾ ਅੰਦਰਲਾ ਕੀਲਿਆ ਜਾਂਦਾ ਹੈ ਤੇ ਨਾ ਹੀ ਸੰਗਤ ਤੇ ਬਹੁਤਾ ਪ੍ਰਭਾਵ ਪੈਂਦਾ ਹੈ। ਕੀਰਤਨ ਦਰਬਾਰਾਂ ਦਾ ਰਿਵਾਜ ਚਲ ਪਿਆ ਹੈ ਪਰ ਇੱਥੇ ਵੀ ਪ੍ਰੋਫੈਸ਼ਨਲ ਰਾਗੀ ਜੱਥੇ ਹੀ ਪ੍ਰਧਾਨ ਹੁੰਦੇ ਹਨ। ਇਸੇ ਕਰਕੇ ਇਹਨਾਂ ਦਰਬਾਰਾਂ ਵਿਚ ਵੀ ਆਤਮਿਕ ਹੁਲਾਰਾ ਨਹੀਂ ਆਉਂਦਾ। ਭਾਈ ਸਾਹਿਬ ਜਦ ਕੀਰਤਨ ਕਰਦੇ ਸਨ ਤਾਂ ਇਕੋ ਚੌਂਕੜੇ ਪੰਜ-ਪੰਜ, ਛੇ-ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਖੁਦ ਕੀਰਤਨ ਵਿਚ ਕੀਰਤਨ ਰੂਪ ਹੋ ਜਾਂਦੇ ਹਨ। ਇਸ ਨਾਲ ਸੰਗਤ ਵਿਚ ਬੈਠੀਆਂ ਗੁਰਬਾਣੀ ਦੀਆਂ ਪ੍ਰੇਮੀ ਰੂਹਾਂ ਦੀ ਸੁਰਤਿ ਕੀਤੀ ਜਾਂਦੀ ਸੀ।[12] ਘੰਟਿਆਂ ਬੱਧੀ ਕੀਰਤਨ ਉਹੀ ਕਰ ਸਕਦਾ ਹੈ ਜਿਸ ਦੀ ਅੰਦਰੋਂ ਕੀਰਤਨ ਨਾਲ ਲਿਵ ਜੁੜਦੀ ਹੋਵੇ। ਆਮ ਰਾਗੀ ਕੀਰਤਨ ਕਰਦੇ ਸਮੇਂ ਵਾਜਾ ਜਿਆਦਾ ਵਜਾਉਂਦੇ ਹਨ ਤੇ ਕੀਰਤਨ ਬੋਲ ਘੱਟ ਵਰਤਦੇ ਹਨ। ਪਰ ਭਾਈ ਸਾਹਿਬ ਆਪਣੇ ਗਲੇ ਨੂੰ ਬਚਾਅ ਕੇ ਰੱਖਣ ਦੀ ਕਦੀ ਕੋਸ਼ਿਸ਼ ਨਹੀਂ ਕਰਦੇ ਸਨ। ਇਕ ਇਕ ਤੁਕ ਨੂੰ ਇਤਨੇ ਮਿਠਾਸ ਅਤੇ ਹੁਲਾਸ ਨਾਲ ਕਈ ਕਈ ਵਾਰ ਪੜ੍ਹਦੇ ਸਨ ਕਿ ਅਨੇਕਾਂ ਰੂਹਾਂ ਉੱਪਰ 'ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ' ਵਾਲੀ ਦਸ਼ਾ ਵਾਪਰ ਜਾਂਦੀ। ਕੀਰਤਨ ਪ੍ਰੇਮੀਆਂ ਦੇ ਨੇਤ੍ਰ ਸੇਜਲ ਹੋ ਜਾਂਦੇ।[13] ਭਾਈ ਸਾਹਿਬ ਕੀਰਤਨ ਕਰਦੇ ਕਦੇ ਥੱਕਦੇ ਨਹੀਂ ਸਨ ਸਗੋਂ ਇਉਂ ਮਹਿਸੂਸ ਕਰਦੇ ਸਨ ਜਿਉਂ ਘਿਓ ਦੇ ਘੁੱਟ ਡੀਕ ਰਹੇ ਹੋਣ।

ਭਾਈ ਸਾਹਿਬ ਦੇ ਅਖੰਡ ਕੀਰਤਨ ਦੀ ਨਿਆਰੀ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਨੂੰ ਕੀਰਤਨ ਕਰਨ ਦੀ ਬਲ-ਬੁੱਧ ਦੈਵੀ ਅਵੇਸ਼ ਵਜੋਂ ਪ੍ਰਾਪਤ ਹੋਈ ਸੀ। ਆਪ ਦਾ ਕਲਾਸੀਕਲ ਰਾਗਾਂ ਦੇ ਕਿਸੇ ਵੀ ਘਰਾਣੇ ਨਾਲ ਦੂਰ ਦਾ ਸੰਬੰਧ ਵੀ ਨਹੀਂ ਸੀ। ਜਿਸ ਸਮੇਂ ਆਪ ਨੇ ਕੀਰਤਨ ਕਰਨਾ ਅਰੰਭ ਕੀਤਾ, ਉਸ ਸਮੇਂ ਪੱਕੇ ਰਾਗ ਵਿਚ ਕੀਰਤਨ ਕਰਨ ਵਾਲੇ ਉਂਗਲਾਂ ਤੇ ਗਿਣੇ ਜਾਣ ਵਾਲੇ ਰਾਗੀ ਹੀ ਸਨ। ਸੰਤ ਮਹਾਂ-ਪੁਰਖ ਚਿਮਟੇ ਢੋਲਕੀਆਂ ਨਾਲ ਕੀਰਤਨ ਕਰਦੇ ਸਨ। ਆਪ ਨੇ ਕੀਰਤਨ ਨੂੰ ਰਾਗ ਵਿਦਿਆ ਵਜੋਂ ਨਹੀਂ ਲਿਆ ਸਗੋਂ ਨਾਮ ਅਭਿਆਸ ਕਮਾਈ ਦਾ ਇਕ ਸਾਧਨ ਸਮਝਿਆ। ਇਸੇ ਕਰਕੇ ਕੀਰਤਨ ਤੇ ਰਾਗ ਪ੍ਰਤੀ ਆਪਦੀ ਧਾਰਨਾ ਹੈ:

ਹਰਿ ਕੀਰਤਨ ਦੀ ਪ੍ਰੇਮਾ ਭਗਤੀ ਛੱਡ ਕੇ ਕੇਵਲ ਰਾਗਾਂ ਪਿੱਛੇ ਹੀ ਰੀਝਣਾ ਗੁਰਮਤਿ ਪ੍ਰਤੀਕੂਲ ਹੈ। ਰਾਗ ਪ੍ਰਬੀਨਤਾ ਜਿਸਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ ਪਰ ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿੱਦਿਆ ਦੇ ਸ਼ੌਕੀਨ ਨੂੰ ਪ੍ਰਾਚੀਨ ਸਮੇਂ ਅਨਮਤ ਵਿੱਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿੱਦਿਆ ਅਤਿ ਮਹਿੰਗੀ ਪਈ। ਵਿੱਦਿਆ ਘੋਖਣ ਗਏ ਵਿੱਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿੱਦਿਆ ਦੇ ਅਭਿਮਾਨੀ ਹੋ ਕੇ ਕੁਪੀ ਵਿਚ ਰੋੜ ਖੜਕਾਉਣ ਜੋਗੇ ਰਹਿ ਗਏ। ਗੁਰਮਤਿ ਦੇ ਤਤਸਾਰ ਨਾਮ ਅਭਿਆਸ ਤੋਂ ਨਿਰੋਲ ਸੱਖਣੇ ਹੀ ਰਹਿ ਗਏ, ਮਾਨੋਂ ਉਕਤ ਵਿੱਦਿਆ ਅਵਿੱਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸੱਖਣੀ ਨਿਰੀ ਰਾਗ ਵਿੱਦਿਆ ਰੋਗ ਰੂਪ ਹੈ ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪਰੇਡੇ ਰੱਖਦੀ ਹੈ।[14]

ਆਪ ਸਮਝਦੇ ਸਨ ਕਿ ਸ਼ਬਦ - ਤਰੰਗੀ ਰਸ- ਜੋਤਿ ਵਿਗਾਸੀ ਗੁਰਮੁਖ ਜਨਾਂ ਦੇ ਰੋਮ ਰੋਮ ਅੰਦਰ ਹੀ ਹਰਿ-ਕੀਰਤਨ ਦਾ ਸੋਮਾ ਫੁੱਟ ਪੈਂਦਾ ਹੈ। ਜਦ ਕੀਰਤਨ ਧੁਰ ਅੰਦਰੋ ਨਿਕਲਦਾ ਹੈ ਤਾਂ ਇਹ ਆਪਣੇ ਆਪ ਹੀ ਰਾਗ-ਬੱਧ ਹੋ ਜਾਂਦਾ ਹੈ। ਕੀਰਤਨ ਚੋਜ਼ ਦੀ ਇਸ ਪਾਰਸ ਕਲਾ ਬਾਰੇ ਆਪ 'ਹਰਿ-ਕੀਰਤਨ' ਨਿਬੰਧ ਵਿਚ ਇਕ ਹੱਡ ਬੀਤੀ ਬਿਆਨ ਕਰਦੇ ਹਨ:

ਇਕ ਵਾਰ ਦਾ ਜ਼ਿਕਰ ਹੈ ਅਸੀਂ ਪਿੰਡ ਧਾਂਦਰੇ ਜ਼ਿਲ੍ਹਾ ਲੁਧਿਆਣਾ ਵਿਖੇ ਕੀਰਤਨ ਵਿਚ ਮਸਤ ਹੋਏ ਪਏ ਸਾਂ ਕਿ ਇਕ ਸੂਰਮਾਂ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲੱਗ

ਪਿਆ। ਅਸੀਂ ਉਸ ਵੇਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਵੀ ਇਵੇਂ ਹੀ ਸਾਰਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੋਈ ਸੂਝ ਨਹੀਂ ਸੀ। ਕੀਰਤਨ ਦੇ ਬਾਲ ਸੁਭਾਵੀ ਚਾਉ ਵਿਚ ਗੁਰਬਾਨੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਗੁਰੂ ਦੀ ਕਿਰਪਾ ਦੁਆਰਾ ਇਹ ਜਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਿਆ ਹੈ। ਜਦ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ ਤਾਂ ਖੂਬ ਕੀਰਤਨ ਹੋਇਆ। ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਉਸਨੇ ਜਥੇ ਨੂੰ ਸੁਰਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਉਪਰੰਤ ਉਸਨੇ ਇਕ ਰਾਗ ਦੇ ਜਾਣੂ ਕੀਰਤਨ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸਨੇ ਇਹ ਕਹੀ ਕਿ ਰਾਗ ਵਿੱਦਿਆ ਦੇ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਸੀ ਕਿ ਇਹ ਜੱਥਾ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ। ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤ੍ਰੰਗ-ਤ੍ਰਾਨਿਆਂ ਵਿਚ ਇਸ ਜਥੇ ਤੋਂ ਸੁਣ ਕੇ ਉਹ ਅਨੰਦ ਆਇਆ, ਜਿਹੜਾ ਅੱਗੇ ਕਦੀ ਨਹੀਂ ਆਇਆ। ਇਹ ਸੁਣਕੇ ਅਸੀਂ ਮਨ ਹੀ ਮਨ ਅੰਦਰ ਹੱਸੇ ਕਿ ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਰਾਗ ਬਿਲਾਵਲ ਕਿਹੜਾ ਹੈ, ਕਿਵੇਂ ਤੇ ਕਿਸ ਵੇਲੇ ਗਾਈਦਾ ਹੈ।[15]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਜੋ ਪਰਮਾਤਮਾ ਵਿਚ ਲਿਵ ਲਾ ਕੇ ਉਸਦਾ ਕੀਰਤਨ ਜਾਪ ਕਰਦਾ ਹੈ ਸਤਿਗੁਰੂ ਆਪ ਉਹਨਾਂ ਤੇ ਕਲਾ ਵਰਤਾਉਂਦਾ ਹੈ।

ਭਾਈ ਸਾਹਿਬ ਨੇ ਦੇਸ ਦੀ ਅਜ਼ਾਦੀ ਦੀ ਲਹਿਰ ਵਿਚ ਉਮਰ ਕੈਦ ਦੀ ਸਜ਼ਾ ਕੱਟੀ। ਇਸ ਸਮੇਂ ਦੌਰਾਨ ਵੀ ਆਪ ਨੇ ਕੀਰਤਨ ਕਰਨਾ ਨਾ ਛੱਡਿਆ ਅਤੇ ਸਾਜਾਂ ਤੋਂ ਬਿਨਾਂ ਹੱਥ ਦੇ ਕੜਿਆਂ ਨੂੰ ਹੀ ਵਜਾ ਕੇ ਕੀਰਤਨ ਕਰਦੇ ਰਹੇ ਅਤੇ ਆਪਣਾ ਜੇਲ੍ਹ ਦਾ ਸਮਾਂ ਸਫਲਾ ਕਰਦੇ ਰਹੇ। ਉਹ ਕੀਰਤਨ ਨੂੰ ਰੂਹ ਦੀ ਖੁਰਾਕ ਸਮਝਦੇ ਸਨ। ਅੰਤਲੇ ਦੋ ਕੁ ਸਾਲਾਂ ਵਿਚ ਡਾਕਟਰਾਂ ਨੇ ਜਦੋਂ ਕੀਰਤਨ ਕਰਨ ਤੋਂ ਵਰਜ ਦਿੱਤਾ ਤਾਂ ਆਪ ਬੜੇ ਵੈਰਾਗ ਨਾਲ ਕਹਿਣ ਲੱਗੇ, "ਡਾਕਟਰਾਂ ਨੂੰ ਕੀ ਹੋਇਆ? ਮੇਰਾ ਕੀਰਤਨ ਹੀ ਬੰਦ ਕਰ ਦਿਤੈ?"[16]

ਜਿਸ ਸਮੇਂ ਭਾਈ ਸਾਹਿਬ ਨੇ ਅਖੰਡ ਕੀਰਤਨੀ ਜਥਾ ਬਣਾ ਕੇ ਕੀਰਤਨ ਕਰਨਾ ਅਰੰਭ ਕੀਤਾ, ਉਸ ਸਮੇਂ ਬੀਬੀਆਂ ਨੂੰ ਵੱਡੇ ਦੀਵਾਨਾਂ ਵਿਚ ਸਟੇਜ ਤੇ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ ਸੀ। ਆਪ ਨੇ ਬੀਬੀਆਂ ਨੂੰ ਦੀਵਾਨ ਵਿਚ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਇਸੇ ਕਰਕੇ ਅਖੰਡ ਕੀਰਤਨੀ ਜਥੇ ਦੇ ਕੀਰਤਨ ਸਮੇਂ ਬੀਬੀਆਂ ਲਈ ਕੀਰਤਨ ਦਾ ਸਮਾਂ ਰੱਖਿਆ ਜਾਂਦਾ ਹੈ।

ਭਾਈ ਸਾਹਿਬ ਨੇ ਅਖੰਡ ਕੀਰਤਨ ਦੀ ਜੋ ਲਹਿਰ ਚਲਾਈ ਉਸ ਵਿਚ ਰੀਤਾਂ ਅਨੁਸਾਰ ਕੀਰਤਨ ਕੀਤਾ ਜਾਂਦਾ ਸੀ। ਜੇ ਸ਼ਬਦ ਵੈਰਾਗ ਦਾ ਹੈ ਤਾਂ ਰੀਤਾਂ ਵਿਚੋਂ ਵੈਰਾਗ ਦੇ ਭਾਵ ਉਭਰਦੇ ਸਨ। ਜੇ ਸ਼ਬਦ ਮਿਲਾਪ ਜਾਂ ਖੁਸ਼ੀਆਂ ਦਾ ਹੁੰਦਾ ਤਾਂ ਉਸ ਭਾਵ ਦੀਆਂ ਰੀਤਾਂ ਦੀ ਰਚਨਾ ਕੀਤੀ ਜਾਂਦੀ। ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਨੂੰ ਅਗੰਮੀ ਕੀਰਤਨ ਅੰਦਰੋਂ ਸੁਣਦਾ ਸੀ। ਉਹ ਅੰਦਰਲੇ ਸੁਣੀਂਦੇ ਕੀਰਤਨ ਦੀਆਂ ਰੀਤਾਂ ਨੂੰ ਬਾਹਰ ਰੂਪਮਾਨ ਕਰਦੇ ਸਨ।[17] ਆਪ ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ ਪ੍ਰੇਮ ਨਾਲ ਗਾਇਨ ਕਰਦੇ ਸਨ। ਆਪ ਅਤੇ ਉਹਨਾਂ ਦੇ ਸਾਥੀ ਕੀਰਤਨ ਵਿਚ ਗੁਰਮੰਤ੍ਰ ਦੀ ਧੁਨੀ ਨਹੀਂ ਸੀ ਲਾਉਂਦੇ। ਕਿਤੇ ਕਿਤੇ ਉਹਨਾਂ ਦੇ ਮੁਖਾਰਬਿੰਦ ਤੋਂ 'ਗੁਰੂ ਗੁਰੂ' ਦੀ ਆਵਾਜ਼ ਆਉਂਦੀ ਸੀ, ਪਰ ਉਹ ਕੀਰਤਨ ਨੂੰ ਅਖੰਡ ਰੱਖਦੇ ਸਨ। ਅੱਜ ਅਖੰਡ ਕੀਰਤਨੀ ਜਥੇ ਵਿਚ ਉਹਨਾਂ ਵੱਲੋਂ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਬਦਲ ਗਿਆ ਹੈ। ਅਜੋਕੇ ਕੀਰਤਨੀਏ ਇਹ ਸਮਝਦੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤ੍ਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਵੇ। ਉਹ ਆਪਣੇ ਕੀਰਤਨ ਵਿਚ ਅੱਧਾ ਸਮਾਂ 'ਵਾਹਿਗੁਰੂ ਵਾਹਿਗੁਰੂ' ਦੇ ਜਾਪ ਉਪਰ ਹੀ ਲਾ ਦਿੰਦੇ ਹਨ। ਇਉਂ ਇਹ ਨਾ ਅਖੰਡ ਕੀਰਤਨ ਰਹਿੰਦਾ ਹੈ ਤੇ ਨਾ ਹੀ ਅਖੰਡ ਅਭਿਆਸ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਕਰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ 1960 ਤੋਂ ਬਾਅਦ ਅਰੰਭ ਹੋਇਆ ਜੋ ਅੱਗੇ ਤੋਂ ਜ਼ੋਰ ਫੜ ਗਿਆ।[18] ਭਾਈ ਸਾਹਿਬ ਵੱਲੋਂ ਅਪਣਾਈ ਗਈ ਅਖੰਡ ਕੀਰਤਨ ਸ਼ੈਲੀ ਤੋਂ ਹਟ ਕੇ ਭਾਈ ਮਹਿੰਦਰ ਸਿੰਘ ਜੀ (ਐਸ. ਡੀ. ਓ) ਨੇ ਕੀਰਤਨ ਦੀ ਪ੍ਰਕਰਨ ਸ਼ੈਲੀ ਨੂੰ ਪਰਚਲਤ ਕੀਤਾ ਹੈ। ਇਸ ਕੀਰਤਨ ਵਿਚ ਬੁੱਧੀ ਤਾਂ ਵਰਚਦੀ ਹੈ ਪਰ ਲਿਵ ਨਹੀਂ ਜੁੜਦੀ। ਇਕ ਪ੍ਰਕਰਣ ਦਾ ਦੂਜੇ ਵਿਚ ਬਦਲਣ ਨਾਲ ਸਾਰਾ ਸੰਦਰਭ ਹੀ ਬਦਲ ਜਾਂਦਾ ਹੈ।

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਕੀਰਤਨ ਨੂੰ ਪ੍ਰਭੂ ਮਿਲਾਪ ਦਾ ਸਾਧਨ ਅਤੇ ਰੂਹ ਦੀ ਖੁਰਾਕ ਸਮਝਦੇ ਸਨ। ਅਖੰਡ ਕੀਰਤਨ ਦੀ ਇਸ ਪਰੰਪਰਾ ਰਾਹੀਂ ਹੀ ਆਪ ਨੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ।

ਆਪ ਵੱਲੋਂ ਸਥਾਪਿਤ ਕੀਤੀ ਗਈ ਅਖੰਡ ਕੀਰਤਨੀ ਜਥੇ ਦੀ ਸੰਸਥਾ ਨੇ ਸਿੱਖੀ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਇੱਕੋ ਇਕ ਮਨੋਰਥ ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਕੇ ਨਾਮ ਜਪਣ ਲਈ ਪ੍ਰੇਰਤ ਕਰਨਾ ਹੈ। ਇਹ ਕਿਸੇ ਤਰ੍ਹਾਂ ਦੀ ਰਾਜਨੀਤੀ ਵਿਚ ਹਿੱਸਾ ਨਹੀਂ ਲੈਂਦੇ। ਇਹ ਜਥਾ ਅਜੋਕੇ ਸਮੇਂ ਵਿਚ ਭਾਵੇਂ ਫੁੱਟ ਦਾ ਸ਼ਿਕਾਰ ਹੋ ਗਿਆ ਹੈ, ਪਰ ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਇਹ ਹੁਣ ਵੀ ਤਤਪਰ ਹੈ ਅਤੇ ਦੇਸ ਪਰਦੇਸ ਵਿਚ ਸਿੱਖ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

ਟਿੱਪਣੀਆਂ/ਹਵਾਲੇ


1. ਮਾਰੂ ਮਹਲਾ 5, ਪੰਨਾ 1075
2. ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥ (ਗਉੜੀ ਮ: 5, ਪੰਨਾ 236)
3. ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥ ਜਤ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ॥ (ਬਿਲਾਵਲ ਮ: 3, ਪੰਨਾ 797)
4. ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ (ਸੂਹੀ ਮ: 5, ਪੰਨਾ 747)
5. ਰਾਮਕਲੀ ਸਦ, ਪੰਨਾ 923
6. ਰਣਧੀਰ ਸਿੰਘ (ਭਾਈ), ਗੁਰਮਤਿ ਲੇਖ, ਪੰਨਾ 113
7. ਨਾਹਰ ਸਿੰਘ (ਗਿਆਨੀ), ਭੂਮਿਕਾ, ਰੰਗਲੇ ਸੱਜਣ, ਪੰਨਾ 6
8. ਰਣਧੀਰ ਸਿੰਘ (ਭਾਈ), ਜੇਲ੍ਹ ਚਿੱਠੀਆਂ, ਪੰਨਾ 40
9. ਬਲਦੇਵ ਸਿੰਘ, ਬੋਲਹੁ ਸਾਚੁ ਪਛਾਣਹੁ ਅੰਦਰਿ (ਕਿਤਾਬਚਾ) ਜਾਰੀਕਰਤਾ ਅਖੰਡ ਕੀਰਤਨੀ ਜਥਾ ਅੰਤਰਰਾਸ਼ਟਰੀ, ਅੰਮ੍ਰਿਤਸਰ, ਪੰਨਾ 2-3
10. ਕੁਲਦੀਪ ਸਿੰਘ ਹਉਰਾ (ਡਾ.) ਭਾਈ ਸਾਹਿਬ ਭਾਈ ਰਣਧੀਰ ਸਿੰਘ, ਸੂਰਾ, ਜੁਲਾਈ 1996, ਪੰਨਾ 10
11. ਰਣਧੀਰ ਸਿੰਘ (ਭਾਈ), ਗੁਰਮਤਿ ਲੇਖ, ਪੰਨਾ 117
12. ਗੁਰਮੁਖ ਸਿੰਘ (ਪ੍ਰਿੰ.), ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, ਸੂਰਾ ਜੁਲਾਈ, 1996, ਪੰਨਾ 38
13. ਉਹੀ
14. ਰਣਧੀਰ ਸਿੰਘ (ਭਾਈ), ਗੁਰਮਤਿ ਲੇਖ, ਪੰਨਾ 120
15. ਉਹੀ, ਪੰਨਾ 118
16. ਗੁਰਮੁਖ ਸਿੰਘ (ਪ੍ਰਿੰ.), ਭਾਈ ਸਾਹਿਬ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, 'ਸੂਰਾ' ਜੁਲਾਈ 1996, ਪੰਨਾ 38-39
17. ਉਹੀ, ਪੰਨਾ 39
18. ਉਹੀ ਪੰਨਾ 39-40

# ਸਾਡੀ ਧਾਰਮਿਕ ਸ਼ਬਦਾਵਲੀ (ਭਾਸ਼ਾ ਅਤੇ ਗੁਰਮਤਿ ਦੇ ਪੱਖੋਂ)

ਕੁਲਬੀਰ ਸਿੰਘ : 12462, 70 Avenue, Surrey, BC, Canada

ਇਕ ਵਾਰੀ ਮਾਂ ਨੇ ਆਪਣੀ ਧੀ ਨੂੰ ਕਿਹਾ ਕਿ "ਜਾ ਕੇ ਵੇਖ ਕਿ ਭੜੋਲੀ ਵਿੱਚ ਕਿੰਨੇ ਕੁ ਦਾਣੇ ਹਨ?" ਜਦੋਂ ਉਹ ਲੜਕੀ ਦੇਖ ਕੇ ਆਈ ਤਾਂ ਮਾਂ ਨੂੰ ਆਖਣ ਲੱਗੀ "ਜੀ, ਭੜੋਲੀ ਵਿਚ ਤਾਂ ਰਬ-ਰਬ ਹੈ। ਭਾਵ ਉਹ ਖਾਲੀ ਹੈ, ਉਥੇ ਕੁਝ ਵੀ ਨਹੀਂ ਹੈ। ਦੇਖੋ ਏਥੇ ਸਰਬ ਕਲਾ ਭਰਪੂਰ ਵਾਲੇ 'ਰਬ' ਅਖਰ ਦੇ ਕੀ ਅਰਥ ਬਣ ਗਏ ਹਨ। ਕਿਸੇ ਵੀ ਲਫਜ਼ ਦੀ ਅਜਾਈਂ ਵਰਤੋਂ ਨਾਲ ਉਸਦੀ ਅਹਿਮੀਅਤ ਅਤੇ 'ਅਰਥਾਵਲੀ' ਵਿਚ ਤਬਦੀਲੀ ਆ ਜਾਂਦੀ ਹੈ। ਗੁਰਮਤਿ ਸ਼ਬਦਾਵਲੀ ਦੀ ਕਿਸੇ ਸ਼ਬਦ ਦੀ ਅਜਾਈਂ ਵਰਤੋਂ ਨਾਲ ਉਸਦੇ ਅਰਥ ਅਤੇ ਪ੍ਰਭਾਵ ਨੂੰ ਸਮੇਂ ਦੇ ਗੇੜ ਨਾਲ ਅਲੋਪ ਨਾ ਕਰ ਦਈਏ।

'ਬਾਬਾ' ਸ਼ਬਦ ਸਿੱਖ ਧਰਮ ਅਤੇ ਸਭਿਅਤਾ ਦਾ ਇਕ ਅਹਿਮੀਅਤ ਭਰਿਆ ਸ਼ਬਦ ਹੈ। ਇਸ ਸ਼ਬਦ ਨਾਲ ਸਿੱਖੀ ਦੀਆਂ ਬਹੁਤ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਇਹ ਲਫਜ਼ ਵਰਤਿਆ ਜਾਵੇ ਤਾਂ ਸ਼ਰਧਾ ਭਰੇ ਅਤੇ ਅਤਿਅੰਤ ਸਤਿਕਾਰ ਵਾਲੇ ਖਿਆਲ ਮਨ ਵਿਚ ਉਪਜ ਪੈਂਦੇ ਹਨ। ਸਾਡੇ ਧਰਮ ਵਿਚ ਇਸ ਸ਼ਬਦ ਨੂੰ ਇਕ ਉਚ-ਕੋਟੀ ਦਾ ਸਥਾਨ ਪ੍ਰਾਪਤ ਹੈ। 'ਬਾਬਾ' ਸ਼ਬਦ ਦਾ ਨਾਤਾ ਸਾਡੇ ਧਰਮ ਅਤੇ ਸਭਿਅਤਾ ਨਾਲ ਬੜੇ ਡੂੰਘੇ ਭਾਵਾਂ ਨਾਲ ਹੈ। ਆਉ ਵੀਚਾਰੀਏ!

ਸਿੱਖ ਧਰਮ ਵਿਚ ਅਸੀਂ ਆਪਣੇ ਗੁਰੂ ਸਾਹਿਬਾਂ ਨੂੰ 'ਬਾਬਾ ਜੀ' ਕਹਿਕੇ ਯਾਦ ਕਰਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਬਾਬਾ ਨਾਨਕ' ਕਹਿਕੇ ਵੀ ਯਾਦ ਕੀਤਾ ਜਾਂਦਾ ਹੈ। ਜੁਗੋ-ਜੁਗ ਅਟੱਲ ਸਤਿਗੁਰੂ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ 'ਬਾਬਾ ਜੀ' ਸ਼ਬਦ ਦੀ ਇਕਮਿਕਤਾ ਜਾਂ ਅਭੇਦਤਾ ਹੀ ਹੈ। 'ਬਾਬਾ ਜੀ' ਸ਼ਬਦ ਦੇ ਸਰਵ-ਉੱਚ ਸਥਾਨ ਅਤੇ ਮਹਾਨਤਾ ਦਾ ਪ੍ਰਤੀਕ ਹੈ। ਇਹ ਹੇਠ ਲਿਖੀਆਂ ਧਾਰਨਾਵਾਂ ਜਾਂ ਕਿਰਿਆਵਾਂ ਤੋਂ ਸਪਸ਼ਟ ਹੈ ਜਿਵੇਂ ਕਿ :

ਬਾਬਾ ਜੀ ਦਾ ਕਮਰਾ, ਬਾਬਾ ਜੀ ਦਾ ਸੰਤੋਖਣਾ, ਬਾਬਾ ਜੀ ਦੇ ਰੁਮਾਲੇ, ਬਾਬਾ ਜੀ ਦਾ ਚੰਦੋਆ ਅਤੇ ਪਾਲਕੀ ਆਦਿ ਆਖੀਦਾ ਹੈ।

'ਬਾਬਾ ਜੀ' ਸ਼ਬਦ ਦਾ ਅਗਲਾ ਅਰਥ ਲੈਂਦੇ ਹਾਂ। ਉਨ੍ਹਾਂ ਮਹਾਨ ਸ਼ਖਸੀਅਤਾਂ, ਜਿਨਾਂ ਨੇ ਪੰਥ ਹਿਤ ਅਨਥਕ ਸੇਵਾਵਾਂ ਕੀਤੀਆਂ ਹਨ, ਕੁਰਬਾਨੀਆਂ ਕੀਤੀਆਂ ਹਨ ਜਾਂ ਵੱਡੇ ਜੌਹਰ ਕਰ ਵਿਖਾਏ ਹਨ ਉਨ੍ਹਾਂ ਨੂੰ ਵੀ 'ਬਾਬਾ' ਸ਼ਬਦ ਨਾਲ ਸਤਿਕਾਰਿਆ ਜਾਂਦਾ ਹੈ। ਇਨ੍ਹਾਂ ਮਹਾਨ ਵਿਅਕਤੀਆਂ ਵਿਚ 'ਬਾਬਾ ਬੁੱਢਾ ਜੀ', 'ਬਾਬਾ ਦੀਪ ਸਿੰਘ ਜੀ', 'ਬਾਬਾ ਬੰਦਾ ਸਿੰਘ ਜੀ ਬਹਾਦਰ', 'ਬਾਬਾ ਬੀਰ ਸਿੰਘ ਨੌਰੰਗਾਬਾਦੀ' ਆਦਿ ਦੀਆਂ ਸ਼ਖਸੀਅਤਾਂ ਸ਼ਾਮਲ ਹਨ। ਇਨ੍ਹਾਂ ਮਹਾਨ ਵਿਅਕਤੀਆਂ ਨੇ ਜੋ ਕਾਰਨਾਮੇ ਕਰ ਦਿਖਾਏ ਹਨ ਉਸਦਾ ਸਦਕਾ ਇਨ੍ਹਾਂ ਦੇ ਮੁਬਾਰਕ ਨਾਮ ਨਾਲ 'ਬਾਬਾ' ਸ਼ਬਦ ਜੁੜਿਆ ਹੋਇਆ ਹੈ।

ਆਉ, ਹੋਰ ਅੱਗੇ ਚੱਲੀਏ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਜੰਗ ਵਿਚ ਹਿੱਸਾ ਪਾਇਆ ਹੈ ਅਤੇ ਛੋਟੀ ਉਮਰ ਹੀ ਸ਼ਹੀਦੀ ਪਾਈ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜੰਗੀ ਜੌਹਰ ਵਿਖਾਉਂਦਿਆਂ ਵੈਰੀਆਂ ਨਾਲ ਮੈਦਾਨੇ ਜੰਗ ਵਿਚ ਸ਼ਹੀਦੀ ਪਾਈ ਹੈ। ਆਪਣੇ ਵੱਡੇ ਭਰਾ ਦੀ ਲੀਹਾਂ ਤੇ ਚਲਦੇ ਹੋਏ ਸਾਹਿਬਜਾਦਾ ਜੁਝਾਰ ਸਿੰਘ ਜੀ ਨੇ ਵੀ ਜੰਗੀ ਕਰਤੱਵ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਹੈ।

ਗੁਰੂ ਜੀ ਦੇ ਛੋਟੇ ਸਾਹਿਬਜਾਦਿਆਂ ਨੇ ਵਜ਼ੀਰ ਖਾਂ ਦੇ ਦਰਬਾਰ ਵਿਚ ਉਨ੍ਹਾਂ ਨੂੰ ਦਿੱਤੇ ਲਾਲਚਾਂ ਨੂੰ ਠੁਕਰਾਇਆ ਹੈ, ਮੌਤ ਦੇ ਡਰਾਵੇ ਤੋਂ ਅਡੋਲ ਰਹੇ ਅਤੇ ਆਪਣੇ ਪਿਤਾ ਅਤੇ ਉਨ੍ਹਾਂ ਦੇ ਪਾਏ ਪੰਥ ਦੇ ਅਸੂਲਾਂ ਨੂੰ ਬੁਲੰਦ ਕਰਨ ਹਿੱਤ, ਸੱਚੇ ਮਾਰਗ ਤੇ ਚੱਲਣ ਦਾ ਐਲਾਨ ਕੀਤਾ। ਆਪਣੀਆਂ ਨਿਕੀਆਂ ਜਿੰਦਾਂ ਨੂੰ ਨੀਹਾਂ ਵਿਚ ਚਿਣਵਾ ਲਿਆ ਪਰ ਧਰਮ ਨਹੀਂ ਛੱਡਿਆ। ਇਹ ਸਭ ਕੁਝ ਕਰਨ ਉਪਰੰਤ, ਆਪਣੇ ਪਿਤਾ ਦੇ ਚਲਾਏ, ਪੰਥ ਹਿੱਤ ਆਪਣੀਆਂ ਜਾਨਾਂ ਵਾਰ ਗਏ ਅਤੇ ਆਪਣੇ ਦਾਦਾ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਾਂਗ ਆਪਣਾ ਧਰਮ ਨਾ ਛੱਡਣ ਦਾ ਵੱਲ ਸਿਖਾ ਗਏ। ਇਨ੍ਹਾਂ ਮਹਾਨ ਕੁਰਬਾਨੀਆਂ ਦਾ ਸਦਕਾ ਅਸੀਂ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਨਾਮ ਨਾਲ ਵੀ ਬਾਬਾ ਸ਼ਬਦ ਜੋੜ ਕੇ ਉਨ੍ਹਾਂ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਨੂੰ

ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ,

ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਕਹਿਕੇ ਯਾਦ ਕਰਦੇ ਹਾਂ।

ਆਉ, 'ਬਾਬਾ' ਸ਼ਬਦ ਦਾ ਅਗਲਾ ਅਰਥ ਵੀਚਾਰੀਏ। ਕਿਸੇ ਕਿਸੇ ਮਹਾਨ ਗੁਰਮੁਖ ਸ਼ਖਸੀਅਤਾਂ ਵਾਸਤੇ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ। ਇਨ੍ਹਾਂ ਵਿਚੋਂ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਨਾਮ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦਾ ਨਾਮ ਯਾਦ ਆਉਂਦਾ ਹੈ। ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਆਦਿ ਵੀ ਇਸ ਸੂਚੀ ਵਿਚ ਯਾਦ ਆਉਂਦੇ ਹਨ।

ਇਨ੍ਹਾਂ ਮਹਾਨ ਸ਼ਖਸੀਅਤਾਂ ਨੇ ਜੀਵਨ ਪ੍ਰਯੰਤ ਸੇਵਾ ਸਿਮਰਨ ਅਤੇ ਆਪਣੇ ਜੀਵਨ ਦੀ ਛੋਹ ਨਾਲ ਅਨੇਕਾਂ ਪ੍ਰਾਣੀਆਂ ਨੂੰ ਗੁਰਮਤਿ ਦੇ ਰਾਹ ਤੇ ਤੋਰਿਆ ਹੈ। 'ਬਾਬਾ ਜੀ' ਸ਼ਬਦ ਇਨ੍ਹਾਂ ਸ਼ਖਸੀਅਤਾਂ ਦੇ ਨਾਮ ਨਾਲ ਹੀ ਢੁਕਦਾ ਸਾਰਾ ਪੰਥ ਹੀ ਇਨਾਂ ਦਾ ਸਤਿਕਾਰ ਕਰਦਾ ਹੈ ਅਤੇ ਇਨ੍ਹਾਂ ਦੇ ਨਾਮ ਨਾਲ ਸਤਿਕਾਰ ਸਹਿਤ 'ਬਾਬਾ' ਪਦਵੀ ਜੋੜਦਾ ਹੈ। ਜਿੱਥੇ 'ਬਾਬਾ' ਸ਼ਬਦ ਸਾਡੀ ਧਾਰਮਿਕ ਸ਼ਬਦਾਵਲੀ ਦਾ ਅੰਗ ਹੈ ਉੱਥੇ ਪੰਜਾਬ ਦੀ ਸੱਭਿਅਤਾ ਵਿੱਚ ਵੀ 'ਬਾਬਾ' ਸ਼ਬਦ ਦਾ ਖਾਸ ਪ੍ਰਯੋਗ ਹੈ। ਆਪਣੇ ਵੱਡੇ ਬਜ਼ੁਰਗਾਂ, ਖਾਸ ਕਰਕੇ ਦਾਦਾ ਜੀ ਨੂੰ 'ਬਾਬਾ' ਕਹਿਕੇ ਸੰਬੋਧਨ ਕਰੀਦਾ ਹੈ। ਵਿਰਲੇ ਵੱਡੇ ਬਜ਼ੁਰਗਾਂ ਨੂੰ ਵੀ ਕਿਤੇ ਕਿਤੇ 'ਬਾਬਾ' ਕਿਹਾ ਜਾਂਦਾ ਹੈ।

ਇਹ ਹੈ 'ਬਾਬਾ' ਸ਼ਬਦ ਦੀ ਗਾਥਾ!

ਹੁਣ ਅਸੀਂ ਸਾਡੇ ਅਜੋਕੇ ਧਾਰਮਿਕ ਖੇਤਰ ਵਿਚ 'ਬਾਬਾ' ਸ਼ਬਦ ਦਾ ਬੇ-ਅਸੂਲੀ ਢੰਗ ਨਾਲ ਇਸਤੇਮਾਲ ਬਾਰੇ ਗੱਲ ਕਰਦੇ ਹਾਂ। ਕਈ ਵਾਰੀ ਅਸੀਂ ਇਕ ਦੂਸਰੇ ਨੂੰ 'ਬਾਬਾ' ਜਾਂ 'ਬਾਬਾ ਜੀ' ਕਹਿਕੇ ਬੁਲਾਉਣਾ ਸ਼ੁਰੂ ਕਰ ਦੇਂਦੇ ਹਾਂ। ਬਹੁਤ ਸਾਰੇ ਲੋਕ ਇੱਕ ਦੂਸਰੇ ਨੂੰ ਕਿਸੇ ਹੋਰ ਸੰਬੋਧਕੀ ਸ਼ਬਦ ਦੀ ਥਾਂ ਤੇ 'ਬਾਬਾ' ਸ਼ਬਦ ਆਖ ਦੇਂਦੇ ਹਾਂ। ਜਦੋਂ ਕਿਸੇ ਦੂਸਰੇ ਨਾਲ ਗੱਲਬਾਤ ਕਰਦੇ ਹਾਂ ਤਾਂ 'ਬਾਬਾ ਜੀ' ਕਹਿਕੇ ਬੁਲਾ ਲੈਂਦੇ ਹਾਂ ਅਤੇ ਦੂਸਰਾ ਵੀ ਬਿਨਾਂ ਇਸ ਗੱਲ ਦਾ ਰੋਸ ਕੀਤੇ ਗੱਲਬਾਤ ਅੱਗੇ ਤੋਰ ਲੈਂਦਾ ਹੈ। ਇਸ ਵਿੱਚ ਸਾਡੇ ਭਾਈਚਾਰੇ ਦਾ ਹੀ ਦੋਸ਼ ਹੈ। ਅਸੀਂ 'ਬਾਬਾ' ਸ਼ਬਦ ਅਣਭੋਲ਼ ਹੀ ਆਪਣੇ ਵਾਸਤੇ ਵਰਤ ਰਹੇ ਹਾਂ। ਜਦੋਂ ਕਿਸੇ ਨਾਲ ਕੋਈ ਗੱਲ ਕਰਨੀ ਹੋਵੇ, ਭਾਵੇਂ ਉਹ ਕੋਈ ਵੀ ਹੋਵੇ, ਕੁਝ ਸੱਜਣ ਉਸਨੂੰ 'ਬਾਬਾ ਜੀ' ਕਹਿਕੇ ਗੱਲ ਤੋਰ ਲੈਂਦੇ ਹਨ। ਸੁਣਨ ਵਾਲਾ ਵੀ ਇਸ ਗੱਲ ਦੀ ਸਮਝ ਨਹੀਂ ਰੱਖਦਾ ਕਿ ਬੁਲਾਉਣ ਵਾਲਾ ਕੀ ਅਣਗਹਿਲੀ ਕਰ ਗਿਆ ਹੈ। ਉਦਾਹਰਣ ਦੇ ਤੌਰ ਤੇ ਕਿਸੇ ਵੀਰ ਨੇ ਦੂਜੇ ਦਾ ਹਾਲ ਪੁੱਛਣਾ ਹੋਵੇ ਤਾਂ ਉਹ ਆਖੇ ਕਿ "ਬਾਬਾ ਜੀ, ਕੀ ਹਾਲ-ਚਾਲ ਹੈ?" ਜਾਂ "ਬਾਬਾ ਜੀ ਹੋਰ ਕੀ ਬਣਦੈ?" ਇਸ ਵਿਚ ਕਹਿਣ ਵਾਲਾ ਤਾਂ ਅਣਗਹਿਲੀ ਕਰ ਹੀ ਰਿਹਾ ਹੈ ਪਰ ਕੀ ਸੁਣਨ ਵਾਲਾ 'ਬਾਬਾ ਜੀ' ਕਹਾਉਣ ਦਾ ਹੱਕਦਾਰ ਵੀ ਹੈ? ਸਾਡੇ ਪ੍ਰਚਾਰਕਾਂ ਦੀ ਵੀ ਇਹ ਘਾਟ ਰਹੀ ਹੈ ਕਿ ਉਹਨਾਂ ਨੇ ਇਸ ਗੱਲ ਨੂੰ ਨਜ਼ਰ-ਅੰਦਾਜ਼ ਕੀਤਾ ਹੋਇਆ ਹੈ ਕਿ ਉਹ ਇਹ ਸ਼ਬਦ ਕਿਸ ਵਿਅਕਤੀ ਵਾਸਤੇ ਵਰਤ ਰਹੇ ਹਨ। ਉਹਨਾਂ ਨੂੰ ਤਾਂ ਬੱਸ ਇੰਨਾ ਮਤਲਬ ਹੈ ਕਿ ਉਨ੍ਹਾਂ ਨੇ ਦੂਸਰੇ ਨੂੰ ਖੁਸ਼ ਕਰਨਾ ਹੈ; ਸੁਣਨ ਵਾਲਾ ਭਾਵੇਂ ਕਿਸੇ ਵੀ ਧਾਰਮਕ/ਅਧਾਰਮਕ ਪੱਧਰ ਜਾਂ ਉਮਰ ਦਾ ਮਨੁੱਖ ਹੋਵੇ, ਉਸਨੂੰ ਬਾਬਾ/ਬਾਬਾ ਜੀ ਕਹਿਕੇ ਸੰਬੋਧਕ ਕਰ ਲੈਣਾ ਹੈ। ਇਸ ਸ਼ਬਦ ਦਾ ਸਾਨੂੰ ਆਪਣੇ ਵਾਸਤੇ ਜਾਂ ਇਕ ਦੂਸਰੇ ਵਾਸਤੇ ਵਰਤਣ ਦਾ ਕੋਈ ਹੱਕ ਨਹੀਂ ਹੈ। ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰਨਾ ਬੇ-ਅਦਬੀ ਦਾ ਹੈ। ਬੇ-ਅਦਬੀ ਤੋਂ ਛੁਟ ਸਾਡੇ ਇਤਿਹਾਸਕ ਪੱਖ ਨੂੰ ਵੀ ਸੱਟ ਵੱਜਦੀ ਹੈ। ਸਾਨੂੰ ਇਕ ਦੂਸਰੇ ਨੂੰ ਬੁਲਾਉਣ ਵਾਸਤੇ ਬਹੁਤ ਸਾਰੇ ਹੋਰ ਸ਼ਬਦ ਵੀ ਉਪਲਬਧ ਹਨ ਜਿਨ੍ਹਾਂ ਨੂੰ ਵਰਤਿਆਂ ਭਾਈਚਾਰਾ ਬਹੁਤ ਸੋਹਣਾ ਨਿਭ ਸਕਦਾ ਹੈ। ਇਨ੍ਹਾਂ ਸ਼ਬਦਾਂ ਦੀ ਸੂਚੀ ਵਿਚ ਕੁਝ ਸ਼ਬਦ ਹਨ: 'ਵੀਰ ਜੀ', 'ਭਾਜੀ', 'ਭਰਾ ਜੀ', 'ਸਰਦਾਰ ਜੀ', 'ਮਾਲਕੋ', ਨਾਮ ਨਾਲ ਪੁਕਾਰਨਾ ਆਦਿ। ਇਹ ਸ਼ਬਦ formal ਅਤੇ informal ਹੋ ਸਕਦੇ ਹਨ। ਸਾਨੂੰ ਬਜ਼ੁਰਗਾਂ ਜਾਂ ਵੱਡਿਆਂ ਤੋਂ ਛੁੱਟ "ਬਾਬਾ ਜੀ" ਸ਼ਬਦ ਹਰ ਇਕ ਵਾਸਤੇ ਨਹੀਂ ਵਰਤਣਾ ਚਾਹੀਦਾ।

ਜੋ ਵੀਰ ਇਸ ਗੱਲ ਨੂੰ ਸਮਝਦੇ ਹਨ ਉਹ 'ਬਾਬਾ/ਬਾਬਾ ਜੀ' ਸ਼ਬਦ ਦੀ ਆਮ ਭਾਈਚਾਰਕ ਵਰਤੋਂ ਨਹੀਂ ਕਰਦੇ ਅਤੇ 'ਬਾਬਾ/ਬਾਬਾ ਜੀ' ਸ਼ਬਦ ਨੂੰ ਗੁਰੂਆਂ ਅਤੇ ਗੁਰਮਤ ਨਾਲ (ਭਾਵ ਸਹਿਤ) ਜੁੜਿਆ ਜਾਂ ਰਾਖਵਾਂ ਜਾਣਦੇ ਹਨ। ਸਾਰੀ ਸਿੱਖ ਸੰਗਤ ਅਤੇ ਖਾਸ ਕਰਕੇ ਪ੍ਰਚਾਰਕਾਂ ਨੂੰ ਬੇਨਤੀ ਹੈ ਕਿ ਉਹ ਇਸ ਚੱਲ ਰਹੀ ਵਾਦੀ ਤੇ ਰੋਕ ਪਾਉਣ ਅਤੇ ਇਸ ਅਣਗਹਿਲੀ ਦੇ ਅਭਾਗੀ ਨਾ ਬਨਣ।

'ਬਾਬਾ ਜੀ' ਅਥਵਾ 'ਬਾਬਾ' ਸ਼ਬਦ ਸਾਡੀ ਧਾਰਮਿਕ ਸ਼ਬਦਾਵਲੀ ਦਾ ਇਕ ਵਿਸ਼ੇਸ਼ ਹਿੱਸਾ ਹੈ ਤੇ ਇਸ ਦੀ ਵਰਤੋਂ ਬੇ-ਅਸੂਲੀ ਢੰਗ ਨਾਲ ਨਾ ਕਰੀਏ। ਲੋੜ ਹੈ ਸਿਦਕ ਅਤੇ ਗੁਰੂ ਦੇ ਭਾਉ ਦੀ!! ਆਉ ਇਸ ਚੱਲ ਰਹੀ ਆਦਤ ਤੇ ਰੋਕ ਪਾਈਏ ਅਤੇ ਆਪਣੀ ਧਾਰਮਕ ਸ਼ਬਦਾਵਲੀ ਦੀ ਕਦਰ ਕਰੀਏ। 'ਬਾਬਾ' ਸ਼ਬਦ ਕੇਵਲ ਉਨ੍ਹਾਂ ਸ਼ਖਸੀਅਤਾਂ ਵਾਸਤੇ ਹੀ ਵਰਤਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਵਾਸਤੇ ਪੰਥ ਵਿਚ ਪ੍ਰਚਲਤਾ/ਪ੍ਰਵਾਨਗੀ ਹੋਵੇ।

# "ਆਸਾ ਦੀ ਵਾਰ" ਬਾਣੀ ਦੇ ਭਾਵ

ਸੋਹਣ ਸਿੰਘ : 3027, ਸੈਕਟਰ 27-ਡੀ, ਚੰਡੀਗੜ੍ਹ

"ਆਸਾ ਦੀ ਵਾਰ" ਬਾਣੀ ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਸਾਹਿਬ ਨੇਂ ਇਕੱਠੇ ਬੈਠ ਕਰਤਾਰਪੁਰ (ਰਾਵੀ) ਵਿਖੇ ਉਚਾਰੀ ਲੱਗਦੀ ਹੈ ਕਿਉਂਕਿ ਇਸ ਵਿਚ ਦੋਹਾਂ ਹੀ ਗੁਰੂ ਸਾਹਿਬਾਂ ਦੀ ਰਲਵੀਂ ਮਿਲਵੀਂ ਬਾਣੀ ਦਰਜ ਹੈ। ਖਾਲਸਾ ਪੰਥ ਦੀ ਮਰਯਾਦਾ ਅਨੁਸਾਰ ਇਸ ਬਾਣੀ ਦਾ ਕੀਰਤਨ ਰਾਗ ਆਸਾ ਵਿਚ ਅੰਮ੍ਰਿਤ ਵੇਲੇ ਹਰ ਗੁਰਦੁਆਰੇ ਵਿਖੇ ਕੀਤਾ ਜਾਂਦਾ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਗੁਰਮੁਖਿ ਸੱਜਨ ਇਸ ਬਾਣੀ ਤੋਂ ਨਿਤਾ ਪ੍ਰਤੀ ਅਗਵਾਈ ਲੈ ਭਰਮਾਂ, ਕਰਮ ਕਾਂਡਾ ਤੋਂ ਦੂਰ ਹੋ, ਆਪਣੀ ਜ਼ਿੰਦਗੀ ਉਸ ਇਕ ਅਕਾਲ ਪੁਰਖ ਦੀ ਟੇਕ ਲੈਂਦਿਆਂ ਗੁਜ਼ਾਰਨ।

ਗੁਰੂ ਸਾਹਿਬ ਆਪਣੇ ਗੁਰੂ ਤੋਂ ੧ਓ ਨਾਮ ਦੀ ਜਾਚਨਾ ਕਰਦੇ ਹਨ। ਕਿਉਂਕਿ ਇਹ ਲੋਚਣ ਦੀ ਆਪਣੇ ਗੁਰੂ ਰਾਹੀਂ ਕਰਦੇ ਹਨ। ਇਸ ਲਈ ਗੁਰੂ ਦੀ ਮਹਿਮਾ ਵੀ ਅਨੰਤ ਦਰਸਾਈ ਹੈ ਤੇ ਉਸ ਤੋਂ ਬਲਹਾਰੀ ਜਾਂਦੇ ਹਨ।

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥*

.....................................................

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥*
*ਸਤਿਗੁਰ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥*
*ਕਰਿ ਕਿਰਪਾ ਪਾਰ ਉਤਾਰਿਆ॥*

ਗੁਰੂ ਨਾਨਕ ਸਾਹਿਬ ਨੇ ਇਕ ਬੜਾ ਚਮਤਕਾਰੀ ਅੰਗ ਲਿਖਿਆ ਹੈ; ਕਿ ਪਹਿਲੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਬਣਾਇਆ ਫਿਰ ਨਾਉ ਦੀ ਰਚਨਾ ਕੀਤੀ ਤੇ ਦੂਜੇ ਕੁਦਰਤ ਨੂੰ ਸਾਜ ਕੇ ਉਸ ਵਿਚ ਆਪ ਬੈਠ ਤਮਾਸ਼ਾ ਦੇਖ ਰਿਹਾ ਹੈ।

*ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥*

ਇਹ ਤਾਂ ਗੁਰਬਾਣੀ ਮੰਨਦੀ ਹੈ ਕਿ ਪ੍ਰਮਾਤਮਾ ਦੇ ਦੋ ਰੂਪ ਹਨ, ਸਰਗੁਨ ਤੇ ਨਿਰਗੁਣੀ। ਸਰਗੁਨ ਸਰੂਪ ਵਿਚ ਕੁਦਰਤ ਦਾ ਆਕਾਰ ਹੀ ਆਉਂਦਾ ਹੈ। ਜੇ ਪ੍ਰਮਾਤਮਾ ਨੂੰ ਸਾਕਸ਼ਾਤ ਦੇਖਣਾ ਚਾਹੋ ਤਾਂ ਕੁਦਰਤ ਦੇ ਇਕ ਇਕ ਕਿਣਕੇ ਵਿਚ ਉਸ ਦੇ ਅਲਾਹੀ ਦਰਸ਼ਨ ਕਰ ਸਕਦੇ ਹੋ। ਉਸਦਾ ਜਲੌ, ਉਸ ਦਾ ਨਾਦਿ, ਉਸਦੀ ਸੁਗੰਧੀ ਦਾ ਸੁਆਦ ਲੈ ਉਸਨੂੰ ਪੂਰੀ ਤਰ੍ਹਾਂ ਅਨੁਭਵ ਕਰ ਸਕਦੇ ਹੋ। ਪ੍ਰਮਾਤਮਾ ਨੇ ਆਪਣੇ ਆਪ ਨੂੰ ਹੋਰ ਕੀ ਬਨਾਉਣਾ ਹੋ ਸਕਦਾ ਹੈ? ਕੇਵਲ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਮਾਤਮਾ ਨੇ ਪਹਿਲੇ ਆਤਮਾ ਬਣਾਈ ਜੋ ਹਰ ਜੀਵ ਜੰਤੂ ਵਿਚ ਪ੍ਰਵੇਸ਼ ਹੈ ਫਿਰ ਉਹ ਸ਼ਕਤੀ ਬਣਾਈ ਜਿਸ ਰਾਹੀਂ ਆਤਮਾ ਦਾ ਪ੍ਰਮਾਤਮਾ ਨਾਲ ਮਿਲਨ ਹੁੰਦਾ ਹੈ ਉਹ ਹੈ "ਨਾਮ"! ਇਹ ਦੋਵੇਂ ਸ਼ਕਤੀਆਂ ਦਸਵੇਂ ਦੁਆਰ ਦੇ ਖੁੱਲ੍ਹਣ ਤੋਂ ਹੀ ਅਨੁਭਵ ਹੋ ਸਕਦੀਆਂ ਹਨ। ਇਹ ਕੁਦਰਤ ਦੇ ਅੰਗ ਨਹੀਂ ਮਿੱਥੇ ਜਾ ਸਕਦੇ। ਜੋ ਇਨਸਾਨੀ ਦਿਮਾਗ ਰਾਹੀਂ ਕੀਤਾ/ਦੇਖਿਆ/ਸੁਣਿਆ/ਅਨੁਭਵ ਕੀਤਾ ਜਾ ਸਕਦਾ ਹੈ ਉਹੀ ਕੁਦਰਤ ਦਾ ਅੰਗ ਮੰਨਿਆ ਜਾ ਸਕਦਾ ਹੈ।

ਜਿੱਥੇ ਪ੍ਰਮਾਤਮਾ ਦੀਆਂ ਸਿਫਤਾਂ ਨੂੰ ਸੱਚਾ ਮੰਨਿਆ ਹੈ ਉੱਥੇ ਗੁਰੂ ਸਾਹਿਬ ਨੇ ਕੁਦਰਤਿ ਨੂੰ ਵੀ ਸੱਚਾ ਹੀ ਮੰਨਿਆ ਹੈ।

*ਸਚੀ ਤੇਰੀ ਸਿਫਤਿ ਸਚੀ ਸਾਲਾਹ॥*
*ਸਚੀ ਤੇਰੀ ਕੁਦਰਤ ਸਚੇ ਪਾਤਿਸਾਹ॥*

ਪ੍ਰਮਾਤਮਾ ਦੀਆਂ ਵੱਡੀਆਂ ਸਿਫਤਾਂ, ਵੱਡਾ ਨਾਉ, ਸਚੁ ਨਿਆਉ, ਨਿਹਚਲ ਥਾਉ, ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ, ਬਗੈਰ ਪੁੱਛਿਆਂ ਦਾਤਾਂ ਦੇਣ ਵਾਲਾ ਤੇ ਕਾਰਜ ਕਰਨ ਵਾਲਾ ਸਰਬ ਸ਼ਕਤੀਮਾਨ ਦਰਸਾਇਆ ਹੈ। ਕੁਦਰਤਿ ਦੇ ਆਕਾਰ, ਖੰਡ ਬ੍ਰਹਮੰਡ, ਆਕਾਸ਼ ਪਾਤਾਲ, ਖਾਣੀਆ, ਗਿਆਨ, ਰੰਗ ਤਮਾਸ਼ੇ, ਸੰਜੋਗ ਵਿਜੋਗ, ਮਾਨ ਅਭਿਮਾਨ, ਨੇਕੀਆਂ ਬਦੀਆਂ, ਨਫਰਤ, ਪਿਆਰ ਨੂੰ ਅਨੁਭਵ ਕਰਦੇ ਹੋਏ ਗੁਰੂ ਸਾਹਿਬ ਵਿਸਮਾਦੁ ਦੀ ਅਵਸਥਾ ਧਾਰਨ ਕਰ ਜਾਂਦੇ ਸਨ। ਫਿਰ ਵੀ ਦਰਸਾਉਂਦੇ ਹਨ ਕਿ ਇਹ ਸਭ ਕੁਝ ਉਸ ਦੇ ਹੁਕਮ 'ਚ ਹੋ ਰਿਹਾ ਹੈ।

*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥*

ਕੁਦਰਤ ਦੀ ਕੋਈ ਵੀ ਸ਼ਕਤੀ ਉਸ ਦੇ ਭੈ (ਅਨੁਸ਼ਾਸਨ) ਤੋਂ ਪਰੇ ਨਹੀਂ; ਚਾਹੇ ਸੂਰਜ ਹੈ, ਚੰਦ ਹੈ, ਅਗਨੀ ਹੈ, ਇੰਦਰ ਰਾਜਾ ਹੈ, ਪਵਨ ਪਾਣੀ ਹੈ ਕੇਵਲ ਉਹ ਆਪ ਹੀ ਭੈ (ਅਨੁਸ਼ਾਸਨ) ਰਹਿਤ ਹੈ।

*ਸਗਲਿਆ ਭਉ ਲਿਖਿਆ ਸਿਰਿ ਲੇਖੁ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕ॥*

ਮਾਤਲੋਕ ਵਿਚ ਪ੍ਰਮਾਤਮਾ ਦੀ ਪ੍ਰਾਪਤੀ ਲਈ ਪ੍ਰਾਣੀ

ਕਈ ਤਰਾਂ ਦੇ ਗਿਆਨ ਹਾਸਲ ਕਰਦਾ ਹੈ ਕਰਮ ਕਾਂਡ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਇਹ ਸਭ ਨਿਸਫਲ ਹਨ ਕਿਉਂਕਿ ਇਹਨਾਂ ਰਾਹੀਂ ਹਉਮੈ ਦੀ ਬੜੌਤੀ ਹੁੰਦੀ ਹੈ। ਸਤਿਗੁਰੂ ਦੀ ਸ਼ਰਨ 'ਚ ਆ ਕੇ ਇਕ ਸ਼ਬਦ ਦੀ ਕਮਾਈ ਤੁਹਾਨੂੰ ਸਿਰੇ ਲਗਾਏਗੀ। ਉਹ ਵੀ ਜੇ ਧੁਰੋਂ ਤੁਹਾਡੇ ਭਾਗਾਂ 'ਚ ਲਿਖਿਆ ਹੋਵੇਗਾ।

*ਗਿਆਨੁ ਨ ਗਲੀ ਈ ਢੂਢੀਐ, ਕਥਨਾ ਕਰੜਾ ਸਾਰ॥*
*ਜਿਸ ਤੂੰ ਦਹਿ ਤਿਸੁ ਮਿਲੈ ਸਚੁ,*
*ਤਾ ਤਿਨਾ ਸਚੁ ਕਮਾਇਆ॥*

ਕੁਦਰਤ ਦੀਆਂ ਸਭ ਸ਼ਕਤੀਆਂ, ਜੀਵ ਜੰਤੂ ਪ੍ਰਮਾਤਮਾ ਦੇ ਅਨੁਸਾਸ਼ਨ 'ਚ ਵਿਚਰਦੀਆਂ ਤੇ ਧਰਮ ਰਾਜਾ ਸਾਰਿਆਂ ਦੇ ਚੰਗੇ ਮੰਦੇ ਕੰਮਾਂ ਦਾ ਖਾਤਾ ਤਿਆਰ ਰੱਖਦਾ ਹੈ। ਉਸ ਦੇ ਅਨੁਸਾਰ ਬਖਸ਼ਿਸ਼ਾਂ ਤੇ ਸਜ਼ਾਵਾਂ ਮਿਲਦੀਆਂ ਹਨ। ਇਸ ਲਈ ਪ੍ਰਾਣੀ ਨੂੰ ਸਚੁ ਦੀ ਜਿੰਦਗੀ ਅਪਣਾਉਨੀ, ਹਉਮੈ ਤੋਂ ਅਰੋਗ ਰਹਿਣਾ (ਜਿਸ ਦੀ ਵਿਧੀ ਸੁਕ੍ਰਿਤ, ਸਚੇ ਕਰਮ, ਥੋੜਾ ਖਾਣਾ, ਸ਼ਬਦ ਦੀ ਕਮਾਈ, ਦੁਨੀਆਂ ਦੇ ਬੰਧਨਾਂ ਤੋਂ ਨਿਰਲੇਪ ਰਹਿਣਾ ਹੈ) ਹੀ ਉਸ ਇਲਾਹੀ ਦਰਬਾਰ ਵਿਚ ਬਖਸ਼ਿਸ਼ਾਂ ਦਾ ਪਾਤਰ ਬਣਾਉਂਦੀ ਹੈ।

*ਤੂੰ ਬਖਸੀਸੀ ਅਗਲਾ,*
*ਨਿਤ ਦੇਵਹਿ ਚੜਹਿ ਸਵਾਇਆ॥*
*ਵਡਿਆਈ ਵਡਾ ਪਾਇਆ॥*

ਇਹੀ ਇਕ ਮਾਰਗ ਹੈ ਜਿਸ ਰਾਹੀਂ ਪ੍ਰਾਣੀ ਆਪਣਾ ਅੱਗਾ-ਪਿੱਛਾ ਸੰਵਾਰ ਸਕਦਾ ਹੈ।

*ਆਪਣੇ ਹਥੀ ਆਪਣਾ, ਆਪੇ ਹੀ ਕਾਜੁ ਸਵਾਰੀਐ॥*

ਗੱਲਾਂ ਬਾਤਾਂ ਨਾਲ ਪ੍ਰਭੂ ਦਾ ਗਿਆਨ ਨਹੀਂ ਹਾਸਲ ਕੀਤਾ ਜਾਂਦਾ, ਇਹ ਧੁਰੋਂ ਲਿਖੇ ਕਰਮਾਂ ਅਨੁਸਾਰ ਗੁਰੂ ਦੀ ਗੋਦ ਮਿਲਦੀ ਹੈ ਤੇ ਉਸ ਦੀ ਸੇਵਾ ਤੇ ਪ੍ਰਮਾਤਮਾ ਦੀ ਅਪਾਰ ਕਿਰਪਾ ਨਾਲ ਨਾਮ ਦੀ ਦਾਤ ਤੇ ਕਮਾਈ, ਫਿਰ ਕਪਾਟ ਖੁੱਲ੍ਹਦੇ ਹਨ ਤੇ ਅੰਤ ਨੂੰ ਮਿਲਾਪ ਹੁੰਦਾ ਹੈ।

*ਗਿਆਨ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰ॥*
*ਕਰਮਿ ਮਿਲੈ ਤਾ ਪਾਈਐ*
*ਹੋਰ ਹਿਕਮਤਿ ਹੁਕਮ ਖੁਆਰੁ॥*
*ਸਤਿਗੁਰ ਮਿਲੀਐ ਸਚੁ ਪਾਇਆ॥*

ਦੂਸਰਿਆਂ ਦਾ ਹੱਕ ਮਾਰ ਕੇ ਜੋ ਪ੍ਰਾਣੀ ਕਾਲਾ ਧਨ ਕਮਾਉਂਦੇ ਹਨ, ਰਿਸ਼ਵਤਾਂ ਲੈਂਦੇ ਹਨ ਉਹ ਅਪਰਾਧੀ ਹਨ ਅਤੇ ਜੋ ਕਾਲੇ ਧਨ ਦਾ ਦਾਨ ਵੀ ਕਰਦੇ ਹਨ ਉਹ ਪੁਨ ਵਿਚ ਪਾਪ ਕਮਾਉਂਦੇ ਹਨ, ਉਹ ਦੂਸਰਿਆਂ ਨੂੰ ਵੀ ਅਪਰਾਧੀ ਬਣਾਉਂਦੇ ਹਨ। ਜਿਹੜੇ ਉੱਚ ਅਧਿਕਾਰੀਆਂ ਨੂੰ ਖੁਸ਼ ਕਰਨ ਲਈ ਜਾਂ ਰਾਜਨੀਤਕ ਲਾਭ ਲਈ ਆਪਣੇ ਸੁਨਿਹਰੀ ਧਾਰਮਿਕ ਅਸੂਲਾਂ ਦੀ ਬਲੀ ਦਿੰਦੇ ਹਨ ਉਹਨਾਂ ਪ੍ਰਤੀ ਗੁਰੂ ਜੀ ਦੀ ਰਾਏ ਇਹ ਹੈ:

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾਂ ਸਚੁ ਪਾਈਐ॥*
*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥*
*ਦਰਿ ਮੰਗਨਿ ਭਿਖ ਨ ਪਾਇਦਾ॥*

ਨਵੇਂ ਜਮੇ ਬਾਲਕ ਦੇ ਸਮੇਂ ਜੋ ਘਰ ਵਿਚ ਸੂਤਕ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਇਹ ਇਕ ਭਰਮ ਹੈ। ਕਿਉਂਕਿ ਜੰਮਣਾ ਮਰਨਾ ਪ੍ਰਭੂ ਦੇ ਅਨੁਸਾਸ਼ਨ ਦਾ ਅੰਗ ਹੈ। ਜੀਵਨ ਤੋਂ ਬਗੈਰ ਕੋਈ ਸ਼ੈ ਵਿਚਰ ਨਹੀਂ ਸਕਦੀ। ਸਾਡੇ ਖਾਣੇ ਪੀਣੇ ਵਿਚ ਜੀਵਾਂ ਦਾ ਵਿਚਰਨਾ ਤੇ ਮਰਨਾ ਸੁਭਾਵਿਕ ਹੈ। ਇਨਸਾਨ ਇਸ ਤੋਂ ਪਿਛਾ ਨਹੀਂ ਛੁੱਡਾ ਸਕਦਾ। ਅਸਲ ਸੂਤਕ ਤਾਂ ਅੱਖਾਂ ਲਈ ਪ੍ਰਾਇਆ ਰੂਪ ਵੇਖਣਾ, ਕੰਨਾ ਲਈ ਕਿਸੇ ਦੀ ਨਿੰਦਿਆ ਸੁਨਣੀ, ਮਨ ਲਈ ਲੋਭ ਤੇ ਹੰਕਾਰ ਹਨ। ਇਸ ਦੀ ਸਮਝ ਕੇਵਲ ਗੁਰਮੁਖਾਂ ਨੂੰ ਆਉਂਦੀ ਹੈ।

*ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕ ਨਾਹਿ॥*

ਹਿੰਦੂਆਂ ਲਈ ਜਨੇਊ ਪਾਉਣਾ ਤਾਂ ਹੀ ਸਫਲ ਹੈ ਜੇ ਉਹ ਮਿੱਥੇ ਅਸੂਲਾਂ ਤੇ ਚੱਲਣ। ਗੁਰੂ ਜੀ ਅਨੁਸਾਰ ਧਾਗੇ ਦਾ ਜਨੇਊ ਪਾਉਣ ਦੀ ਬਜਾਏ ਜਤ, ਸਤ ਸੰਤੋਖ ਅਤੇ ਨਾਮ ਸਿਮਰਨ ਦੇ ਅਸੂਲ ਅਪਨਾਉਣੇ ਸਹੀ ਹਨ ਜੋ ਪ੍ਰਾਣੀ ਨੂੰ ਅਖੀਰੀ ਸੁਨਿਹਰੀ ਪੜਾ ਤਕ ਲਿਜਾ ਸਕਦੇ ਹਨ।

*ਨਾਇ ਮੰਨੀਐ ਪਤਿ ਉਪਜੈ, ਸਾਲਾਹੀ ਸਚੁ ਸੂਤ॥*

ਇਸਤ੍ਰੀ ਜੋ ਇਨਸਾਨ ਦੀ ਜਨਮ ਦਾਤਾ ਹੈ। ਜੋ ਆਪਣੀ ਲਹੂ ਨਾਲ 9-10 ਮਹੀਨੇ ਸਿੰਚ ਕੇ ਸੰਤਾਂ/ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ ਉਹਨੂੰ ਮਰਦ ਤੋਂ ਘੱਟ, ਕਿਵੇਂ ਸਤਕਾਰਿਆ ਜਾ ਸਕਦਾ ਹੈ। ਜਦੋਂ ਕਿ ਉਸ ਤੋਂ ਹੀ ਵੰਸ਼ ਵਧਦੀ ਹੈ ਅਤੇ ਸਾਰੇ ਸੰਸਾਰ ਨਾਲ ਸਾਂਝ ਪੈਂਦੀ ਹੈ।

*ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ॥*

ਗੁਰਮਤਿ ਅਨੁਸਾਰ ਇਸਤ੍ਰੀ ਸਿੱਖ ਜਗਤ ਵਿਚ ਹਰ ਤਰਾਂ ਮਰਦਾਂ ਦੇ ਬਰਾਬਰ ਦੀ ਹੱਕਦਾਰ ਹੈ। ਉਸ ਦਾ ਭਰੂਨ ਨਾਸ਼ ਕਰਨਾ ਘੋਰ ਅਪਰਾਧ ਹੈ ਜਿਸ ਲਈ ਉਸ ਦੇ ਮਾਤਾ ਪਿਤਾ ਦੋਨੋਂ ਦੋਸ਼ੀ ਹੋਣੇ ਲਾਜ਼ਮੀ ਹਨ।

ਪ੍ਰਭੂ ਪ੍ਰਾਪਤੀ ਲਈ ਅਮੀਰ, ਗਰੀਬ, ਪੜ੍ਹਿਆ ਅਨ ਪੜ੍ਹਿਆ, ਉਚ ਜਾਤੀ, ਨੀਵੀਂ ਜਾਤੀ, ਦੇ ਇਨਸਾਨਾਂ ਵਿਚ ਕੋਈ ਫਰਕ ਨਹੀਂ ਹੋ ਸਕਦਾ। ਕਿਉਂਕਿ ਸਚੀ

ਦਰਗਾਹ ਵਿਚ ਸਚੁ ਆਚਾਰ ਤੇ ਪ੍ਰਭੂ ਭਗਤੀ ਨਾਲ ਉਸਦੇ ਕਰਮ ਤੋਲੇ ਜਾਣੇ ਹਨ।

*ਪੜਿਆ ਅਤੇ ਉਮੀਆ,*
*ਵੀਚਾਰੁ ਆਗੇ ਵੀਚਾਰੀਐ॥*
*ਨਾਇ ਲਇਐ ਪਰਾਛਤ ਜਾਹਿ,*
*ਨਾਨਕ ਤਉ ਮੋਖੰਤਰ ਪਾਹਿ॥*
*ਭਾਉ ਭਗਤਿ ਕਰਿ ਨੀਚੁ ਸਦਾਏ,*
*ਤਉ ਨਾਨਕ ਮੋਖੰਤਰ ਪਾਹਿ॥*

ਇਸ ਮਾਤਲੋਕ ਵਿਚ ਸਮੇਂ ਸਮੇਂ ਕਈ ਪਵਿਤ੍ਰ ਹਸਤੀਆਂ ਆਈਆਂ ਉਹਨਾਂ ਨੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਵੱਖ ਵੱਖ ਲੀਹਾਂ ਚਲਾਈਆਂ, ਮਜ਼ਹਬ ਉਲੀਕੇ। ਪ੍ਰਾਣੀਆਂ ਨੇ ਆਪਣੀ ਤ੍ਰਿਸਨਾ ਦੀ ਪੂਰਤੀ ਤੇ ਪੇਟ ਪੂਜਾ ਲਈ ਕਈ ਤਰਾਂ ਦੇ ਕਰਮ ਕਾਂਡ ਅਪਣਾਏ। ਗੁਰੂ ਸਾਹਿਬ ਅਨੁਸਾਰ ਇਹ ਸਭ ਨਿਸਫਲ ਹਨ। ਜਿਨਾਂ ਨੂੰ ਨਾਮ ਦਾ ਆਧਾਰ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਵਿਚ ਲੀਨ ਹੋਣ ਦਾ ਅਵਸਰ ਮਿਲਦਾ ਹੈ।

*ਉਤਮ ਏਹੁ ਬੀਚਾਰੁ ਹੈ,*
*ਜਿਨਿ ਸਚੇ ਸਿਉ ਚਿਤੁ ਲਾਇਆ॥*
*ਜਗ ਜੀਵਨ ਦਾਤਾ ਪਾਇਆ॥*

ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ, ਕਿ ਹੇ, ਪ੍ਰਾਣੀ ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ ਤਾਂ ਮਨ ਤੇ ਮੂੰਹ ਚੋਂ ਮਿਠਾਸ (ਜੋ ਸਭ ਭਲਿਆਈਆਂ ਦਾ ਤੱਤ ਹੈ) ਬਖੇਰਦਿਆਂ ਹੋਇਆਂ ਭਲਿਆਈ ਕਰਕੇ ਵੀ ਆਪਣੇ ਆਪ ਨੂੰ ਨੀਵਾਂ ਸਮਝ।

*ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*ਜੇ ਲੋੜਹਿ ਚੰਗਾ ਆਪਣਾ,*
*ਕਰਿ ਪੁਨਹੁ ਨੀਚ ਸਦਾਈਐ॥*

ਅੱਗੇ ਹੋਰ ਫੁਰਮਾਉਂਦੇ ਹਨ ਕਿ ਜੇ ਪ੍ਰਭੂ ਨਾਲ ਪ੍ਰੇਮ ਦੀ ਸਾਂਝ ਪਾਉਣੀ ਚਾਹੁੰਦਾ ਹੈਂ ਤਾਂ ਮਨ ਵਿਚ ਇਕ ਗੱਲ ਧਾਰ ਲੈ ਕਿ ਉਸ ਉਪਰ ਹੁਕਮ ਨਹੀਂ ਚੱਲਦਾ, ਕੇਵਲ ਅਰਦਾਸ/ਅਰਜੋਈ ਹੀ ਕੰਮ ਕਰਦੀ ਹੈ।

*ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸ॥*

ਨਾਲੇ ਜੇ ਉਸ ਨਾਲ ਲੇਖੇ ਪਤੇ (ਹਿਸਾਬ ਕਿਤਾਬ) ਵਿਚ ਪਏਂਗਾ ਤਾਂ ਪ੍ਰੇਮੀ ਬਣਨ ਦਾ ਰਾਹ ਖੁੰਝਾ ਦਏਂਗਾ। ਗੁਰਦੁਆਰੇ/ਮੰਦਰ ਵਿਚ ਸ਼ਰਤਾਂ ਰੱਖ ਕੇ ਭੇਟਾ ਕਰਨ ਵਾਲੇ ਪ੍ਰਭੂ ਨਾਲ ਵਿਉਪਾਰ ਦੀ ਗੱਲ ਹੀ ਕਰਦੇ ਹਨ ਕੋਈ ਸ਼ਰਧਾ ਵਾਲੀ ਨਹੀਂ ਹੁੰਦੀ। ਸ਼ਰਧਾਲੂ ਸੇਵਕ ਤਾਂ ਭਉ ਨੂੰ ਭਾਉ ਵਿਚ ਬਦਲ ਕੇ ਉਸ ਪ੍ਰਭੂ ਵਿਚ ਹੀ ਸਮਾ ਜਾਂਦੇ ਹਨ।

*ਆਸਕੁ ਏਹ ਨ ਆਖੀਐ ਜਿ ਲੇਖੈ ਵਰਤੈ ਸੋਇ॥*
*ਨਾਨਕ ਸੇਵਕ ਕਾਢੀਐ ਜੇ ਸੇਤੀ ਖਸਮ ਸਮਾਇ॥*

ਦਾਤ ਤਾਂ ਉਹੀ ਹੁੰਦੀ ਹੈ ਜੋ ਉਹ ਪ੍ਰਮਾਤਮਾ ਤੁਠ/ਖੁਸ਼ ਹੋ ਕੇ ਦੇਵੇ ਬਾਕੀ ਤਾਂ ਉਸ ਦੀ ਰਜ਼ਾ ਹੈ ਕਿਸੇ ਨੂੰ ਰਾਜਿਆਂ ਵਾਂਗੂੰ ਸੁਖਾਲਾ ਜੀਵਨ ਬਖਸ਼ਦਾ ਹੈ ਤੇ ਕਿਸੇ ਨੂੰ ਦਰ ਦਰ ਦਾ ਭਿਖਾਰੀ ਬਣਾ ਦਿੰਦਾ ਹੈ।

*ਇਕਨਾ ਗਲੀ ਜੰਜੀਰੀਆਂ*
*ਇਕਿ ਤੁਰੀ ਚੜਹਿ ਬਿਸੀਆਰ॥*
*ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥*
*ਸੋ ਕਰੇ ਜਿ ਤਿਸੈ ਰਜਾਇ॥*

ਇਹ ਬਾਣੀ ਪ੍ਰਾਣੀ ਨੂੰ ਮਾਤ ਲੋਕ ਵਿਚ ਸਚਿਆਰ ਬਣਨ ਦੀ ਵਿਧੀ ਦਰਸਾਉਂਦੀ ਹੈ। ਇਸ ਲਈ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਇਕ ਚਾਨਣ ਮੁਨਾਰਾ ਸਮਝ, ਹਰ ਮੌਕੇ ਅਗਵਾਈ ਲੈਣੀ ਲੋੜੀਂਦੀ ਹੈ ਤਾਂ ਜੋ ਪ੍ਰਭੂ ਅਤੇ ਕੁਦਰਤ ਦੀ ਸਿਫ਼ਤ ਸਲਾਹ ਕੀਤੀ ਜਾ ਸਕੇ; ਭਰਮਾ, ਕਰਮ ਕਾਂਡਾ ਤੋਂ ਉਪਰ ਉਠ ਹਉਮੈ ਛੱਡ, ਦੁਨੀਆਂ ਦੇ ਬੰਧਨਾਂ ਤੋਂ ਉਪਰਾਮ ਹੋ ਸਚੁ ਸਚਿਆਰ ਦੀ ਜਿੰਦਗੀ ਜੇ ਬਿਤਾਈ ਜਾ ਸਕੇ ਤਾਂ ਹੀ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਪ੍ਰਕਾਸ਼ ਉਤਸਵ ਮਨਾਉਣਾ ਸਹੀ ਕਦਮ ਹੋਵੇਗਾ।

# ਗੁਰੂ ਕੇ ਕੀਰਤਨੀਏ

♦ **ਭਾਈ ਕਰਮ ਸਿੰਘ ਜੀ ਹੰਸ** : ਗੁਰਬਾਣੀ ਦੇ ਮਹਾਂਵਾਕ ਕਥਾ ਕੀਰਤਨ ਸੁਖਦਾਈ ਦੇ ਅਨੁਸਾਰ ਕੀਰਤਨ ਅਤੇ ਕਥਾ ਕਰਨ ਵਾਲੇ ਭਾਈ ਕਰਮ ਸਿੰਘ ਜੀ ਮਲੋਟ ਦੇ ਜੰਮਪਲ ਹਨ। ਭਾਈ ਸਾਹਿਬ ਜੀ ਸੰਤ ਬਾਬਾ ਪ੍ਰੇਮ ਦਾਸ ਜੀ ਉਦਾਸੀਨ ਦੇ ਚੇਲੇ ਰਹੇ ਸਨ। ਸੰਤ ਜੀ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਨਾਲ ਜੁੜੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਗਿਆਨੀ ਰਘਬੀਰ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਗਿਆਨੀ ਹਰਮੀਤ ਸਿੰਘ ਦੀ ਫਤਿਆਬਾਦ ਵਾਲਿਆਂ ਪਾਸੋਂ ਭਾਈ ਸਾਹਿਬ ਜੀ ਨੇ ਤਬਲੇ ਦੀ ਟ੍ਰੇਨਿੰਗ ਪ੍ਰਾਪਤ ਕੀਤੀ। ਭਾਈ ਸਾਹਿਬ ਜੀ ਨੇ ਜਲੰਧਰ ਦੂਰ ਦਰਸ਼ਨ ਕੇਂਦਰ ਤੇ ਬਹੁਤ ਹੀ ਵਾਰ ਢੋਲਕ ਵਜਾਉਣ ਦੇ ਵਾਸਤੇ ਗਏ। ਗੁਰਦੁਆਰਾ ਵਿਸ਼ਵ ਕਰਮਾ ਭਵਨ ਮਲੋਟ ਅਤੇ ਗੁਰਦੁਆਰਾ ਗੁਰੂ ਨਾਨਕ ਨਗਰੀ ਮਲੋਟ ਵਿਖੇ ਭਾਈ ਸਾਹਿਬ ਜੀ ਨੇ ਹੈਡ ਗ੍ਰੰਥੀ ਦੀ ਸੇਵਾ ਨਿਭਾਈ ਭਾਈ ਸਾਹਿਬ ਜੀ ਬਹੁਤ ਮਿਲਨਸਾਰ ਅਤੇ ਇਮਾਨਦਾਰ ਵਿਅਕਤੀ ਹਨ। ਮਲੋਟ ਦੇ ਪ੍ਰਸਿੱਧ ਉਸਤਾਦ ਰਾਗੀ ਮੰਗਤ ਸਿੰਘ ਮਸਤਾਨਾ ਪਾਸੋਂ ਭਾਈ ਸਾਹਿਬ ਜੀ ਨੇ ਸ਼ਬਦ ਕੀਰਤਨ (ਕਲਾਸੀਕਲ) ਦੀ ਸਿੱਖਿਆ ਹਾਸਲ ਕੀਤੀ। ਭਾਈ ਸਾਹਿਬ ਜੀ ਸ਼ਬਦ ਕੀਰਤਨ ਤੋਂ ਇਲਾਵਾ ਗੁਰਬਾਣੀ ਦੀ ਕਥਾ ਅਤੇ ਇਤਿਹਾਸ ਦੀ ਕਥਾ ਕਰਨ ਦਾ ਤਜ਼ਰਬਾ ਰੱਖਦੇ ਹਨ। ਅੱਜ ਕੱਲ ਭਾਈ ਸਾਹਿਬ ਵਾਰਡ ਨੰਬਰ: 21, ਨੇੜੇ ਡੇਰਾ ਪਰੇਮ ਦਾਸ ਮਲੋਟ ਵਿਖੇ ਆਪਣੀ ਰਿਹਾਇਸ਼ (ਗੁਰਦੁਆਰਾ) ਦੇ ਬਿਲਕੁਲ ਨਜਦੀਕ ਕੀਤੀ ਹੋਈ ਹੈ। ਗੁਰਦੁਆਰਾ ਗੁਰੂ ਗੋਬਿੰਦ ਸਿੰਘ ਨਗਰ ਮਲੋਟ ਦੇ ਹੈਡ ਗ੍ਰੰਥੀ ਅਤੇ ਮੁੱਖ ਸੰਚਾਲਕ ਹਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਹਰਮੰਦਰ ਸਿੰਘ ਜੀ ਹਨ। ਭਾਈ ਕਰਮ ਸਿੰਘ ਜੀ ਦਾ ਕੀਰਤਨ ਅਤੇ ਕਥਾ ਦਾ ਅੰਦਾਜ਼ ਬਹੁਤ ਵਧੀਆਂ ਹੈ। ਹਰ ਬੰਦੇ ਨੂੰ ਆਪਣੀ ਆਵਾਜ਼ ਦੇ ਰਸ ਨਾਲ ਕੀਲ ਲੈਂਦੇ ਹਨ। ਭਾਈ ਸਾਹਿਬ ਦੇ ਨਾਲ ਸੰਪਰਕ ਲਈ ਫੋਨ ਨੰਬਰ: 01637-324008, 267506, ਤੇ ਗੱਲਬਾਤ ਕੀਤੀ ਜਾ ਸਕਦੀ ਹੈ।

***ਭਾਈ ਜਗਸੀਰ ਸਿੰਘ ਰਾਗੀ***
*ਸੰਗਮ ਰੇਡੀਓ ਅਤੇ ਟੀ ਵੀ ਕਾਲਜ, ਮਲੋਟ, ਮੁਕਤਸਰ*

♦ **ਭਾਈ ਜਸਵੰਤ ਸਿੰਘ ਜੀ:** ਗੁਰਬਾਣੀ ਦੇ ਕਥਨ 'ਜੈਸੋ ਗੁਰ ਉਦੇਸਿਆ ਮੈਂ ਤੈਸੋ ਕਹਿਆ ਪੁਕਾਰ॥ ਨਾਨਕ ਕਹਿ ਸੁਣ ਰੇ ਮਨਾ ਕਰ ਕੀਰਤਨ ਹੋਇਓ ਉਧਾਰ॥' ਦੇ ਮੁਤਾਬਕ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਭਾਈ ਜਸਵੰਤ ਸਿੰਘ ਜੀ ਜੋ ਕਿ ਗਿਆਨੀ ਪੂਰਨ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਪਿੰਡ ਬੰਨਾਂਵਾਲੀ (ਫਿਰੋਜ਼ਪੁਰ) ਦੇ ਸਪੁੱਤਰ ਹਨ। ਭਾਈ ਸਾਹਿਬ ਜੀ ਨੇ ਮਹਾਨ ਸੰਗੀਤ ਉਸਤਾਦ ਗਿਆਨੀ ਪੂਰਨ ਸਿੰਘ ਪ੍ਰਕਾਸ਼ ਸਿੰਘ ਮਿੱਤਰ ਜੀ ਪਾਸੋਂ ਸ਼ਬਦ ਕੀਰਤਨ ਸਿੱਖਿਆ। ਭਾਈ ਸਾਹਿਬ ਜੀ ਅੱਜਕੱਲ੍ਹ ਗੁਰਦੁਆਰਾ ਸੰਤ ਬਾਬਾ ਤਾਰਾ ਸਿੰਘ ਜੀ ਖੁਸ਼ਦਿਲ ਜੋ ਕਿ ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਤੋਂ ਵਰੋਸਾਏ ਸਨ। ਬਾਬਾ ਨਿਧਾਨ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਵਰ ਪ੍ਰਾਪਤ ਹੋਇਆ ਸੀ ਕਿ ਖੀਸਾ ਮੇਰਾ ਹੱਥ ਤੇਰਾ ਇਸ ਵਰ ਦੇ ਮੁਤਾਬਕ ਗੁਰੂ ਜੀ ਨੇ ਬਾਬਾ ਨਿਧਾਨ ਸਿੰਘ ਜੀ ਨੂੰ ਲੰਗਰ ਚਲਾਉਣ ਦੇ ਲਈ ਬੇਨਤੀ ਕੀਤੀ। ਜੋ ਕਿ ਅੱਜਕੱਲ੍ਹ ਨਿਰੰਤਰ ਜਾਰੀ ਹੈ। ਬਾਬਾ ਨਿਧਾਨ ਸਿੰਘ ਜੀ ਦੇ ਗੱਦੀ ਨਸੀਨ ਅੱਜਕੱਲ੍ਹ ਸੰਤ ਬਾਬਾ ਬੱਗਾ ਸਿੰਘ ਜੀ ਹਨ, ਵਿਖੇ ਸ਼ਬਦ ਕੀਰਤਨ ਦੀ ਸੇਵਾ ਕਰ ਰਹੇ ਹਨ। ਸੰਤ ਮਹਾਂਪੁਰਸ਼ਾਂ ਦੀ ਇਕ ਖਾਸ ਮਰਿਆਦਾ ਹੈ ਕਿ ਹਰ ਇਕ ਰਾਗੀ ਢਾਡੀ ਕਵੀਸ਼ਰ ਅਤੇ ਸੰਤ ਮਹਾਂਪੁਰਸ਼ ਨੂੰ ਸ਼ਬਦ ਕੀਰਤਨ ਸੁਨਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਜਿਤਨੇ ਵੀ ਬੁਲਾਰੇ ਆਉਂਦੇ ਹਨ ਸਭ ਨੂੰ ਵੱਧ ਤੋਂ ਵੱਧ ਮਾਇਆ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਸੰਤ ਬਾਬਾ ਤਾਰਾ ਸਿੰਘ ਖੁਸ਼ਦਿਲ ਆਪ ਮਹਾਨ ਰਾਗੀ ਸਨ ਅਤੇ ਸੰਤ ਬਾਬਾ ਬੱਗਾ ਸਿੰਘ ਜੀ ਖੁਦ ਆਪ ਸ਼ਬਦ ਕੀਰਤਨ ਕਰਦੇ ਹਨ। ਹਰ ਵੀਰਵਾਰ ਨੂੰ ਸੰਤ ਮਹਾਂਪੁਰਸ਼ਾਂ ਦੀ ਯਾਦ ਵਿਚ ਮਹਾਨ ਦੀਵਾਨ ਸਜਾਏ ਜਾਂਦੇ ਹਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ ਮਹਾਂਵਾਕ ਅਨੁਸਾਰ ਦਾਸ ਨੇ ਬਹੁਤ ਹੀ ਵਾਰ ਸ਼ਬਦ ਕੀਰਤਨ ਕੀਤਾ ਅਤੇ ਸਾਰੀ ਮਰਿਆਦਾ ਵੇਖੀ ਹੈ। ਭਾਈ ਜਸਵੰਤ ਸਿੰਘ ਜੀ ਦੀਆਂ ਸ਼ਬਦ ਕੀਰਤਨ ਦੀਆਂ ਦੋ ਕੈਸਟਾਂ ਆ ਚੁੱਕੀਆਂ ਹਨ। ਭਾਈ ਸਾਹਿਬ ਜੀ ਬਹੁਤ ਇਮਾਨਦਾਰ ਅਤੇ ਮਿਲਨਸਾਰ ਵਿਅਕਤੀ ਹਨ।

***ਪ੍ਰੋ. ਮੰਗਤ ਸਿੰਘ ਮਸਤਾਨਾ***
***ਮਿਊਜਿਕ ਬੀ ਏ ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ***

## Musical Instruments

G.S. Mansukhani : Courtesy *'Indian Classical Music & Sikh Kirtan'*

*(Continued from previous issue)*

### WIND INSTRUMENTS

**1. Harmonium**

The *harmonium* is a popular kind of sushir vad. The word *harmonium* is derived from the Greek word "harmony" which is the basis of western music and implies simultaneous sounding of several notes or the accompaniment of a melody by chords.

The *harmonium* has the appearance of a box out of which music can be produced. It is a reed-blown instrument like a large harmonica with a mechanical bellows and key board. It is said that the *harmonium* was first produced in Paris in 1840 by Alexandre Debain. He devised a bellows worked by the player's feet to force air into a wind-chest and then through channels opened or closed by means of a keyboard. The notes are produced by reeds made of steel. The bellows is either worked by feet or hand. When the keys are touched and bellows is inflated, the air passes through the inner reeds and produces twelve tempered notes (seven *shudh*, four *komal* and one *teevar*). The *harmonium* has either single reeds or double reeds. In case of double reeds, two notes of the same type, in two *saptaks* are produced simultaneously. Generally, a *harmonium* has three or three and a half *saptaks*. This instrument is very easy to handle and is very popular in North India. The beginner can easily play it and learn both vocal and instrumental music. This instrument has fixed notes and its tones cannot be changed. The *harmonium* can be used also as an accompaniment of a vocalist. Any *svara* (note) can take the place of S and the raga played accordingly.

The twelve notes of the *harmonium* are not natural notes but are a tempered scale. In the *saptak*, the difference between S and R and again between R and G and so on has been moderated to consistent and equal degree. The main defect of this instrument is that it has twelve artificial notes though they correspond to the twelve natural notes (as for instance on a *sitar*). With the accompaniment of *harmonium*-notes, the *svaras* of vocal music also tend to be artificial. By playing the *harmonium, the* human voice becomes artificial, because according to the tradition of Indian classical music, the real notes of 22 *shruties* should be produced. There are certain notes in classical music which cannot be reproduced by the *harmonium*, as for example G in *raga Todi*, M in *raga Lalit*, etc. Therefore, practice of *svaras* on the *harmonium* tends to make the *svaras*

unnatural or unreal. Many classical singers frown at the use of the *harmonium*. Fox Strangeways condemns the use of the *harmonium* and regards it as a serious menace to Indian music. He remarks "Besides its deadening effect on a living art, it falsifies it by being out of tune with itself." [2]

It is not good to practise *svara-sadhana* (note modulation) on the *harmonium*. It is better to practise the *svaras* on the *tamboora*. When the strings are touched, they vibrate and the note continues to sound for a while, but in the case of the *harmonium*, the tone starts with inflation of the bellows and when the bellows stop, the note comes to an end.

*Meend (*glide from one note to another) and *gamak (*delicately mixing svaras in a raga*)* are not possible on a *harmonium* and as such, richness and excellence of melody is unavailable. This instrument is not good for accompaniment of vocal music, because it cannot reproduce the various delicate shades of vocal music. It is better to use a *sarangi* or *bela* (a kind of violin) for the accompaniment of vocal music.

**2. Flute**

This is a very old and common wind instrument found all over the world. It belongs to the category of *sushir vad* (wind instrument).

In India, the flute is made of wood; however, some special flutes of ivory, brass and silver are also used on special occasions. The *vedas* refer to the flute as *venu*. In North India it is known by different names like *bansri, murali;* in South India it is called *pillam kuzhal, pillam grovi*, and *kolalu*. The common flute is about a foot long and has a mouthpiece and a few holes. The length of the flute and the number of holes differ from one region to another. The popular flute in South India is called *mukhaveena*, which is a double-reeded pipe with seven holes. The bigger flute-type instrument is called *nagaswara*. A new instrument of the wind-family is the *shehnai*. This oboe-like double reed instrument is supposed to be auspicious and is played to celebrate a marriage or festival. *Shehna*i concerts have become popular these days. Bismillah Khan and his group of *shehnai*-players have won the hearts of western audiences in Europe and America. It is possible to play *alaaps, tans thumris*, and light tunes on the *shehnai.*

## PERCUSSION INSTRUMENTS

**1. Tabla**

Tabla falls under the category of *avanad vad* (percussion instruments). It is an ancient indigenous *tal vad.*

It consists of two drums standing upright. Bharata mentions the procedure of applying the paste on the drum. However it became pouplar during the Moghul rule because it was, and even today is regarded as a fit accompaniment for *khayal* and *thumri* compositions.

The drum with the black paste called *siyahi*, played by the right hand, is the

real *tabla*, because its tone-range is roughly an octave. The drum played with the left hand is the bass or the drone counterpart and is called *dugga* or *duggi* or *bayan*.

Tabla requires a lot of practice for reproducing different tals,especially half matras. According to Danielou, "The drummer of our Indian village is in no way technically inferior to the most celebrated concert musicians."[3] Allah Rakha and Samta Prasad are two well-known tabla players who have delighted both Indian and Western audiences.

**Tuning the Tabla**

A tabla- player keeps the two drums in front of him, the real *tabla* on his right and the *duggi* on his left.The right drum is tuned to S or P. In the *raga* in which P is omitted, it is tuned to M. A small hammer is used for tuning, the cylindrical wood-pieces under the strap. If the table is to be tuned down, the *gitki* (wood-piece) is pushed up. After hammering on one *gitki*, the next one to be set is in the opposite side. In this manner, all the gitkies are hammered and while hammering them, the tabla is struck with the hand to find out if the svara of the tabla matches with the base note of the instrument which the musician is using. After the *gitkies* are set up, the *gajra* (top-skin) is adjusted in case there is still some minor tone variation. The *duggi* or the left tabla is adjusted with the *gajra*. In some sets of tabla, the *duggi* has also some *gitkies* which are adjusted in the same manner as those of the right drum. In case there is no black paste (*siyahi*) on the *duggi*, it should be covered with *atta* (wheat- dough). The dough should be removed or gently scratched after use. The right *tabla* can produce a variety of complicated rhythms, while the *duggi* can only pruduce the main outline of the particular *tal* (rhythm). An expert tabla-player (*tabalchi*) can even play half *matras* skilfully.

**2. Mridanga/ Pakhawaj**

The mridanga is an ancient instrument of *avanad vad* and is also called *tal vad*. It is said that Lord Shiva used to do *Tandava Nirtya* - cosmic dance with the help of this instrument. Bharata calls it *pushkar vad*. This word was adapted as *Pakhawaj*. As such, *mridanga* and *pakhawaj* are practically the same.

*Pakhawaj* was, and even today is, popular as an accompaniment of *dhrupad* and *dhamar*. The *mridanga* was formerly a clay-drum but now it is made of wood. The structure of the *pakhawaj* resembles that of the *tabla*, the main difference being that the *tabla* consists of two drums, while the *pakhawaj* is one long barrel-like drum with skin- covers on both unequal sides. The left side is smaller than the right side. The *pakhawaj* is tuned like the *tabla*. There are two ways of playing the *mridanga*. It can play twenty-five *varnas*, both primary and secondary as fallows:

Primary Varnas: Ta, Ta, Di, Thu, Na, Dha, Dda, Draday, Thee, Ga, Rivrar, Jhem.

Secondary varnas: Ran, Ka, Ga, Rran, Dhou, Dhi, Lan, Thaee, Dan, Dhi, Ki, Ti, Thrar.

**3. Dholak**

The other popular drum instrument is called *dholak* or *dhavul.* It is like the *mridanga*, but its two sides are equal in size.It is about two feet long and one foot in diameter. It can be played with hands or with sticks. It is used for hymn-singing, folk music and folk-dance. The left side is like bass and the other side can be tuned to a high pitch by tightening the cotton-rope braces. The other drum-type instruments are *nagara, tasha, kajira* and *damru.*

**4. Dhadh**

It is a small two-sided wooden drum. Some call it the damru. It is about 10 to 12 inches in length with a narrow waist in the middle. The parchments are held by cotton straps. It is held in the left hand and played with the right hand.

**THE ORCHESTRA**

Recent orchestration of Indian music called the National Orchestra by the All India Radio (*Akashvani*) has brought a new dimension to classical music. The orchestral compositions of T.K. Jayarama Iyer and Ravi Shankar have received acclaim both from Indian and foreign audiences. Even though both Indian and western instruments are used, the orchestral compositions retain their Indian character. Similar orchestration is used to provide background music to film songs. Danielou is not in favour of the Indian orchestra (*vad vrinda)* because he fears that this will lead to instrumental hybridisation and the abandon of improvisation" [4]. He also sees danger in changed steucture of traditional musical instruments on the plea of modernisation, because it will affect the expressive potentialities of indigenous instruments. Another difficulty is the individualistic and melodic nature of Indian music. However it is a bold experiment and is regarded by some as a "permanent contribution to modern Indian music" [5]. It is too early to pronounce on the success or otherwise of this experiment in the orchestration of Indian music.


Shahnai


Sarinda


Violin/Bela


Narsingha


Nagara


Bansari



Tabla/Jori



Mridang/Pakhawaj



Jal-Tarang



Rabab



Taoos
(Peacock-type Sarinda)



Sarinda

# 'ਅੰਮ੍ਰਿਤ ਕੀਰਤਨ' ਸਵੱਰ ਲਿਪੀ ਵੇਰਵਾ

ਹਰਿਭਜਨ ਸਿੰਘ : 1246, ਸੈਕਟਰ 22-ਬੀ, ਚੰਡੀਗੜ੍ਹ

## 2001

| ਮਹੀਨਾ | ਰਾਗ - ਤਾਲ | ਸ਼ਬਦ | ਲਿਪੀਕਾਰ |
|---|---|---|---|
| ਜਨਵਰੀ | ਰਾਗ ਸੋਰਠਿ – ਤੀਨਤਾਲ | ਪ੍ਰਭ ਜੂ ਤੋ ਕਹ ਲਾਜ ਹਮਾਰੀ | ਪ੍ਰੋ. ਤਾਰਾ ਸਿੰਘ |
| | ਰਾਮਕਲੀ – ਤੀਨਤਾਲ | ਪ੍ਰਾਨੀ ਪਰਮ ਪੁਰਖ ਪਗ ਲਾਗੇ | ਪ੍ਰੋ. ਤਾਰਾ ਸਿੰਘ |
| ਫਰਵਰੀ | ਸ੍ਰ. ਭਾਈ ਬਖ਼ਸ਼ੀਸ਼ ਸਿੰਘ ਜੀ ਪਟਿਆਲੇ ਵਾਲੇ ਦੇ ਗਾਇਨ ਕੀਤੇ 12 ਸ਼ਬਦ ਜੋ ਪ੍ਰੋ. ਪਰਮਜੋਤ ਸਿੰਘ ਜੀ ਵਲੋਂ ਤਿਆਰ ਕੀਤੀ ਸਵਰ ਲਿਪੀ। | | |
| | ਭੀਮ ਪਲਾਸੀ – ਤੀਨਤਾਲ | ਕੋਈ ਨਾਉ ਨ ਜਾਣੈ ਮੇਰਾ | |
| | ਭੀਮ ਪਲਾਸੀ – ਤੀਨਤਾਲ | ਗੁਰ ਕਾ ਬਚਨ ਬਸੈ ਜੀਅ ਨਾਲੇ | |
| | ਰਾਮਕਲੀ (ਪਾਤਿਸ਼ਾਹੀ ੧੦) – ਤੀਨਤਾਲ | ਰੇ ਮਨ ਐਸੋ ਕਰ ਸੰਨਿਆਸਾ | |
| | ਬਿਹਾਗ – ਤੀਨਤਾਲ | ਤੁਮ ਹੋ ਸਭ ਰਾਜਨ ਕੇ ਰਾਜਾ | |
| | ਸ਼ਬਦ ਗੀਤ – ਦਾਦਰਾ | ਅਪਨੇ ਸਤਿਗੁਰ ਕੈ ਬਲਿਹਾਰੈ | |
| | ਸ਼ੁਧ ਮਲਾਰ – ਤੀਨਤਾਲ | ਬਰਸੈ ਮੇਘੁ ਸਖੀ ਘਰਿ ਪਾਹੁਨ ਆਏ | |
| | ਪੀਲੂ (ਮਿਸ਼ਰਤ) – ਏਕਤਾਲ | ਹੇ ਅਚੁਤ ਹੇ ਪਾਰ ਬ੍ਰਹਮ ਅਬਿਨਾਸੀ ਅਘਨਾਸ | |
| | ਦਰਬਾਰੀ ਕਾਨੜਾ–ਤੀਨਤਾਲ | ਸਾਜਨਾ ਸੰਤ ਆਉ ਮੇਰੈ | |
| | ਰਾਮਕਲੀ ਨਿਰਧਾਰਤ– ਤੀਨਤਾਲ | ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ | |
| | ਸ਼ਬਦ ਗੀਤ ਪੰਜਾਬੀ ਠੇਕਾ – ਤੀਨਤਾਲ | ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ | |
| | ਸ਼ਬਦ ਗੀਤ ਮਿਸ਼ਰਤ ਭੈਰਵੀ – ਰੂਪਕਤਾਲ | ਤੁਮ ਕਰਹੁ ਦਇਆ ਮੇਰਾ ਸਾਈ | |
| | ਸ਼ਬਦ ਗੀਤ – ਤੀਨਤਾਲ | ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ | |
| ਮਾਰਚ | ਗਉੜੀ ਦੱਖਣੀ – ਬੀਰਤਾਲ | ਨਾਮੁ ਮਿਲੈ ਚਲੈ ਮੈ ਨਾਲਿ | ਡਾ. ਗੁਰਨਾਮ ਸਿੰਘ |
| | ਗਉੜੀ ਗੁਆਰੇਰੀ – ਝਪਤਾਲ | ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ | ਡਾ. ਗੁਰਨਾਮ ਸਿੰਘ |
| ਅਪ੍ਰੈਲ | ਗਉੜੀ ਮਾਲਾ – ਤੀਨਤਾਲ | ਸਾਧੋ ਗੋਬਿੰਦ ਕੇ ਗੁਨ ਗਾਵਉ | ਡਾ. ਗੁਰਨਾਮ ਸਿੰਘ |
| | ਗਉੜੀ ਮਾਲਾ – ਇਕਤਾਲ | ਭਾਵਨ ਤਿਆਗਿਓ ਰੀ | ਡਾ. ਗੁਰਨਾਮ ਸਿੰਘ |
| ਮਈ | ਪ੍ਰੋ. ਚਤਰ ਸਿੰਘ ਦੀਆਂ 7 ਗੀਤਾਂ ਸਵਰ ਲਿਪੀਕਾਰ ਪ੍ਰੋ. ਜਬਰ ਜੰਗ ਸਿੰਘ (ਪਟਿਆਲਾ) | | |
| | ਆਸਾ – ਪੜਤਾਲ | ਬਾਪਾਰਿ ਗੋਵਿੰਦ ਨਾਏ | |
| | ਜੈਜਾਵੰਤੀ – ਤੀਨਤਾਲ | ਬੀਤ ਜੈ ਹੈ ਬੀਤ ਜੈਹੈ | |
| | ਮਲਾਰ – ਇਕਤਾਲ | ਮੋ ਕਉ ਤੂੰ ਨ ਬਿਸਾਰ | |
| | ਸੋਰਠਿ – ਛੋਟਾ ਤੀਨਤਾਲ | ਭਿੰਨੀ ਰੈਨੜੀਐ ਚਾਮਕਨਿ ਤਾਰੇ | |
| | ਆਸਾ – ਚੰਚਲ | ਕੀਓ ਸਿੰਗਾਰੁ ਮਿਲਨ ਕੇ ਤਾਈ | |
| | ਦੇਵ ਗੰਧਾਰ – ਤੀਨਤਾਲ | ਹਿਕ ਭੋਰੀ ਨਾ ਵੇ ਛੋੜਿ | |
| | ਮਲਾਰ – ਚਾਰਤਾਲ | ਸਾਵਣਿ ਸਰਸ ਮਨਾ | |
| ਜੂਨ | ਦੇਵ ਗੰਧਾਰੀ – ਇਕਤਾਲ | ਝੂਠੀ ਦੇਖੀ ਪ੍ਰੀਤ ਜਗਤ ਮੇ | ਭਾਈ ਜਸਪਾਲ ਸਿੰਘ (ਜਵੱਦੀ) |

| | | | |
|---|---|---|---|
| | ਦੇਵ ਗੰਧਾਰੀ – ਛੋਟਾ ਤੀਨਤਾਲ | ਮੇਰੋ ਸੁੰਦਰ ਕਹਹੁ ਮਿਲੈ ਕਿਤ ਗਲੀ | ਉ. ਜਸਵੰਤ ਸਿੰਘ ਭਵਰਾ |
| ਜੁਲਾਈ | ਭੈਰਉ – ਤੀਨਤਾਲ | ਰਾਖਾ ਏਕ ਹਮਾਰਾ ਸੁਆਮੀ | ਭਾਈ ਹਰਿੰਦਰ ਪਾਲ ਸਿੰਘ |
| | ਅਹੀਰ ਭੈਰਵ – ਤੀਨਤਾਲ | ਇਹੁ ਧਨੁ ਮੇਰੇ ਹਰਿ ਕੋ ਨਾਉ | – |
| ਅਗਸਤ | ਨਟ ਭੈਰਉ – ਇਕਤਾਲ | ਖੂਬੁ ਖੂਬੁ ਖੂਬੁ ਖੂਬ | ਭਾਈ ਹਰਿੰਦਰ ਪਾਲ ਸਿੰਘ |
| | ਬੈਰਾੜੀ – ਤੀਨਤਾਲ | ਮਨ ਮਿਲਿ ਸੰਤ ਜਨਾ ਜਸੁ ਗਾਇਓ | – |
| ਸਤੰਬਰ | ਤਿਲੰਗ – ਇਕਤਾਲ | ਮਿਹਰਵਾਨੁ ਸਾਹਿਬੁ ਮਿਹਰਵਾਨੁ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ (ਜਵੱਦੀ) |
| | ਤਿਲੰਗ – ਇਕਤਾਲ | ਮੀਰਾਂ ਦਾਨਾ ਦਿਲ ਸੋਚ | – |
| ਅਕਤੂਬਰ | ਕਾਨੜਾ – ਛੋਟਾ ਤੀਨਤਾਲ | ਜਪਿ ਮਨ ਗੋਬਿੰਦ ਮਾਧੋ | |
| ਨਵੰਬਰ | ਬਿਹਾਗੜਾ – ਤੀਨਤਾਲ | ਅੰਮ੍ਰਿਤ ਹਰਿ ਹਰਿ ਨਾਮੁ ਹੈ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ (ਜਵੱਦੀ) |
| | ਜੈਤਸਰੀ – ਦੀਪਚੰਦੀ | ਕੋਈ ਜਨੁ ਹਰਿ ਸਿਉ ਦੇਵੈ ਜੋਰਿ | ਭਾਈ ਜਸਵੰਤ ਸਿੰਘ (ਜਵੱਦੀ<br>ਭਾਈ ਸੁਖਵੰਤ ਸਿੰਘ (ਜਵੱਦੀ) |
| ਦਸੰਬਰ | ਜੈਜਾਵੰਤੀ – ਇਕਤਾਲ | ਰਾਮ ਸਿਮਰ ਰਾਮ ਸਿਮਰ<br>ਇਹੈ ਤੇਰੇ ਕਾਜਿ ਹੈ | ਪ੍ਰੋ. ਤਾਰਾ ਸਿੰਘ |

## 2002

| ਮਹੀਨਾ | ਰਾਗ - ਤਾਲ | ਸ਼ਬਦ | ਲਿਪੀਕਾਰ |
|---|---|---|---|
| ਜਨਵਰੀ | ਤੁਖਾਰੀ – ਇਕਤਾਲ | ਦੀਨਨ ਕੀ ਪ੍ਰਤਿਪਾਲ ਕਰੈ | ਸ. ਜਸਪਾਲ ਸਿੰਘ |
| ਫਰਵਰੀ<br>ਤੋਂ | ਤਿਲੰਗ – ਤੀਨਤਾਲ | ਆਇ ਮਿਲੁ ਗੁਰਸਿਖ ਆਇ ਮਿਲੁ | ਪ੍ਰੋ. ਪਰਮਜੋਤ ਸਿੰਘ |
| ਅਪ੍ਰੈਲ | ਤਿਲੰਗ – ਰੂਪਕ | ਸਭ ਊਪਰਿ ਪਾਰਬ੍ਰਹਮ ਦਾਤਾਰੁ | ਸ. ਉਤਮ ਸਿੰਘ |
| ਮਈ | ਮਾਝ – ਤੀਨਤਾਲ | ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ | ਪ੍ਰਿੰ. ਦਿਆਲ ਸਿੰਘ |
| | ਮਾਝ – ਕਹਿਰਵਾ | ਜਿਥੈ ਨਾਮ ਜਪੀਐ ਪ੍ਰਭ ਪਿਆਰੇ | ਪ੍ਰਿੰ. ਦਿਆਲ ਸਿੰਘ |
| ਜੂਨ | ਸੋਰਠਿ – ਤੀਨਤਾਲ | ਅਪੁਨੇ ਸਤਿਗੁਰ ਕੈ ਬਲਿਹਾਰੇ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| | ਸੋਰਠਿ – ਝਪਤਾਲ/ਤੀਨਤਾਲ | ਸਾਚਾ ਸਾਹਿਬੁ ਸਦ ਮਿਹਰਬਾਨ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| ਜੁਲਾਈ | ਧਨਾਸਰੀ – ਤੀਨਤਾਲ | ਤੁਮ ਘਰਿ ਆਵਹੁ ਮੇਰੇ ਮੀਤ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| | ਧਨਾਸਰੀ – ਝਪਤਾਲ | ਮੇਰੇ ਪ੍ਰੀਤਿ ਗੋਬਿੰਦ ਸਿਉ ਜਿਨ ਘਟੈ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| ਅਗਸਤ | ਸਾਰੰਗ – ਤੀਨਤਾਲ | ਗਾਇਓ ਰੀ ਮੈ ਗੁਣ ਨਿਧਿ ਮੰਗਲਿ ਗਾਇਓ | ਭਾਈ ਕਸ਼ਮੀਰ ਸਿੰਘ ਜੀ |
| | ਸਾਰੰਗ – ਤੀਨਤਾਲ | ਜੀਵਤੁ ਰਾਮ ਕੇ ਗੁਣ ਗਾਇ | ਭਾਈ ਕਸ਼ਮੀਰ ਸਿੰਘ ਜੀ |
| ਸਤੰਬਰ | ਕੇਦਾਰਾ – ਤੀਨਤਾਲ | ਮਾਈ ਸੰਤ ਸੰਗਿ ਜਾਗੀ ਮਾਈ | ਪ੍ਰੋ. ਤਾਰਾ ਸਿੰਘ |
| | ਕੇਦਾਰਾ – ਤੀਨਤਾਲ | ਬਿਸਰਤ ਨਾਹਿ ਮਨ ਤੇ ਹਰੀ | ਪ੍ਰੋ. ਤਾਰਾ ਸਿੰਘ |
| ਅਕਤੂਬਰ | ਤਿਲੰਗ – ਛੋਟੀ ਤੀਨਤਾਲ | ਤਉ ਦਰਸਨ ਕੀ ਕਰਉ ਸਮਾਇ | ਪ੍ਰਿੰ. ਦਿਆਲ ਸਿੰਘ |
| | ਤਿਲੰਗ – ਸੂਲਫਾਕ | ਸਭ ਊਪਰ ਪਾਰਬ੍ਰਹਮ ਦਾਤਾਰ,<br>ਤੇਰੀ ਟੇਕ ਤੇਰਾ ਆਧਾਰ | ਪ੍ਰਿੰ. ਦਿਆਲ ਸਿੰਘ |
| ਨਵੰਬਰ | ਪ੍ਰਭਾਤੀ – ਝਪਤਾਲ | ਲੋਗਾ ਭਰਮਿ ਨ ਭੂਲਹੁ ਭਾਈ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| | ਪ੍ਰਭਾਤੀ – ਤੀਨਤਾਲ | ਬੋਲਹੁ ਸਚੁ ਨਾਮੁ ਕਰਤਾਰ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| ਦਸੰਬਰ | ਰਾਮਕਲੀ – ਤੀਨਤਾਲ | ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ | ਭਾਈ ਕਸ਼ਮੀਰ ਸਿੰਘ |
| | ਰਾਮਕਲੀ – ਰੂਪਕ | ਮਨੁ ਰਾਮ ਨਾਮਾ ਬੇਧੀਅਲੇ | ਭਾਈ ਕਸ਼ਮੀਰ ਸਿੰਘ |

## 2003

| ਮਹੀਨਾ | ਰਾਗ - ਤਾਲ | ਸ਼ਬਦ | ਲਿਪੀਕਾਰ |
|---|---|---|---|
| ਫਰਵਰੀ | ਮਾਲੀ ਗਾਉੜਾ – ਝਪਤਾਲ | ਐਸੋ ਸਹਾਈ ਹਰਿ ਕੋ ਨਾਮ | ਜਵੱਦੀ ਟਕਸਾਲ |
| | ਰਾਗ ਬਸੰਤ – ਝਪਤਾਲ | ਹਉ ਕਛੂ ਨ ਜਾਨਉ ਤੇਰੀ ਸਾਰ | ਜਵੱਦੀ ਟਕਸਾਲ |
| ਮਾਰਚ | ਸਿਰੀਰਾਗ – ਝਪਤਾਲ | ਤੋਹੀ ਮੋਹੀ ਮੋਹੀ ਤੋਹੀ | ਜਵੱਦੀ ਟਕਸਾਲ |
| | ਸਿਰੀਰਾਗ–ਇਕਤਾਲ ਮਧਲੈਅ | ਰੰਗਿ ਰਤਾ ਮੇਰਾ ਸਾਹਿਬੁ | ਜਵੱਦੀ ਟਕਸਾਲ |
| ਅਪ੍ਰੈਲ | ਰਾਗੁ ਕੇਦਾਰਾ – ਮਤਤਾਲ ਅਤੇ ਤੀਨਤਾਲ | ਮਾਈ ਸੰਤ ਸੰਗਿ ਜਾਗੀ | ਭਾਈ ਸੁਖਵੰਤ ਸਿੰਘ |
| | ਕਲਿਆਣ – ਕਹਿਰਵਾ | ਮੇਰੇ ਲਾਲਨ ਕੀ ਸੋਭਾ | ਭਾਈ ਸੁਖਵੰਤ ਸਿੰਘ |
| ਮਈ | ਆਸਾ – ਤੀਨਤਾਲ | ਉਹਾ ਪ੍ਰੇਮ ਪਿਰੀ | ਜਵੱਦੀ ਟਕਸਾਲ |
| | ਆਸਾ – ਦੀਪਚੰਦੀ | ਰਾਮਈਆ ਹਉ ਬਾਰਿਕ ਤੇਰਾ | ਜਵੱਦੀ ਟਕਸਾਲ |
| ਜੂਨ | ਗੂਜਰੀ – ਕਹਿਰਵਾ | ਪੂਤਾ ਮਾਤਾ ਕੀ ਆਸੀਸ | ਭਾਈ ਉਤਮ ਸਿੰਘ |
| | ਗੂਜਰੀ – ਦੀਪਚੰਦੀ | ਅੰਤਰਿ ਗੁਰੁ ਆਰਧਣਾ | ਭਾਈ ਉਤਮ ਸਿੰਘ |
| ਜੁਲਾਈ | Siree – Teentaal | Har Bin Jeeo Jal Bal Jaao | Dr. Gurnam Singh Pbi Uni. |
| | सिरी – तीनताल | हरि बिनु जीउ जलि बलि जाउ | डा. गुरनाम सिंह पंजाबी यूनीवरसिटी |
| ਅਗਸਤ | ਜੈਤਸਰੀ – ਤੀਨਤਾਲ | ਭੂਲਿਓ ਮਨੁ ਮਾਇਆ ਉਰਝਾਇਓ | ਸ. ਉਤਮ ਸਿੰਘ |
| | ਜੈਤਸਰੀ – ਝਪਤਾਲ | ਹਰਿ ਜੂ ਰਾਖਿ ਲੇਹੁ ਪਤਿ ਮੇਰੀ | ਸ. ਗਿਆਨ ਸਿੰਘ ਐਬਟਾਬਾਦ |
| ਸਤੰਬਰ | ਮਲ੍ਹਾਰ – ਰੂਪਕ | ਮਲਾਰੁ ਸੀਤਲੁ ਰਾਗੁ ਹੈ | ਭਾਈ ਕਸ਼ਮੀਰ ਸਿੰਘ |
| | ਮਲਾਰ – ਤੀਨਤਾਲ | ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ | ਭਾਈ ਕਸ਼ਮੀਰ ਸਿੰਘ |
| ਅਕਤੂਬਰ | ਸੋਰਠਿ – ਤੀਨਤਾਲ | ਹਰਿ ਰਸੁ ਪੀਵਹੁ ਭਾਈ | ਸ. ਉਤਮ ਸਿੰਘ |
| ਨਵੰਬਰ | आसा – दीपचंदी | सो कित विसरै मेरी माइ | डा. गुरनाम सिंह पंजाबी यूनीवरसिटी |
| ਦਸੰਬਰ | ਟੋਡੀ – ਤੀਨਤਾਲ | ਮਾਈ ਮੇਰੇ ਮਨ ਕੋ ਸੁਖੁ | ਸ. ਗਿਆਨ ਸਿੰਘ ਐਬਟਾਬਾਦ |

# ਸੁਰ ਲਿਪੀਆਂ

ਜਯੋਤੀ ਕੌਰ : ਸੰਗੀਤ ਵਿਭਾਗ, ਰਾਮਗੜ੍ਹੀਆ ਗਰਲਜ਼ ਕਾਲਜ, ਲੁਧਿਆਣਾ

*ਰਾਗੁ ਟੋਡੀ*

**ਥਾਟ:** ਤੋੜੀ **ਸਵਰ:** ਰਿਸ਼ਭ, ਗੰਧਾਰ ਤੇ ਧੈਵਤ ਕੋਮਲ, ਮਧਿਅਮ ਤੀਵਰ ਤੇ ਹੋਰ ਸਭ ਸ਼ੁੱਧ

**ਵਰਜਿਤ ਸਵਰ:** ਕੋਈ ਨਹੀਂ **ਗਾਇਨ ਸਮਾਂ:** ਦਿਨ ਦਾ ਦੂਸਰਾ ਪਹਿਰ।

**ਜਾਤੀ:** ਸੰਪੂਰਨ-ਸੰਪੂਰਨ **ਵਾਦੀ:** ਧੈਵਤ **ਸੰਵਾਦੀ:** ਗੰਧਾਰ

**ਆਰੋਹ:** ਸ ਰੁ ਗੁ, ਮੇ ਧੁ ਪ, ਮੇ ਧੁ ਨ ਸੰ

**ਅਵਰੋਹ:** ਸੰ ਨੀ ਧੁ ਪ, ਮੇ ਧੁ ਮੇ ਗੁ, ਰੁ ਗੁ ਰੁ ਸ

**ਪਕੜ:** ਧੁ ਨ਼ ਸ ਰੁ ਗੁ, ਰੁ ਗੁ ਰੁ ਸ

**ਤੀਨ ਤਾਲ (ਮੱਧ ਲੈਅ)**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਸਥਾਈ** | | | | | | | | ਮੇਧੁ | ਨੀਸੰ | ਨੀਧੁ | ਪ | - | ਮੇ- | ਗੁਮੇ | - |
| | | | | | | | | ਸ਽ | ਤਿ਽ | ਗੁ਽ | ਰ | ਽ | ਆ਽ | ਇਓ | ਽ |
| ਧੁ | ਧੁ | ਮੇ | ਗੁ | ਰੁਗੁ | ਮੇਗੁ | ਰੁਗੁ | ਗੁਸ | ਧ਼ੁ | ਨ਼ੀ | ਸ | ਰੁ | ਗੁ | - | ਗੁ | ਗੁਮੇ |
| ਸ | ਰ | ਣਿ | ਤੁ | ਹਾ਽ | ਽਽ | ਗੀ਽ | ਽਽ | ਮਿ | ਽ | ਲੈ | ਽ | ਸੁ | ਽ | ਖੁ | ਨਾ਽ |
| ਰੁ | ਰੁ | ਗੁ | ਗੁ | ਰੁ | - | ਸ | - | ਸ | ਰੁ | ਗੁ | ਮੇ | ਧੁ | ਧੁ | ਧੁ | ਧੁ |
| ਽ | ਮੁ | ਹ | ਰਿ | ਸੋ | ਽ | ਭਾ | ਽ | ਚਿੰ | ਽ | ਤਾ | ਽ | ਲਾ | ਽ | ਹਿ | ਹ |
| ਮੇਧੁਨੀਸੰ | ਸੰ | - | | ਨੀ | ਸੰ | ਨੀ | ਧੁ | | | | | | | | |
| ਮਾ਽਽਽ | ਽ | ਽ | | ਽ | ਽ | ਗੀ | ਽ | | | | | | | | |
| **ਅੰਤਰਾ** | | | | | | | | ਮੇ | ਧੁ | ਪ | ਪ | - | ਮੇਮੇ | ਗੁਮੇ | ਮੇਧੁ |
| | | | | | | | | ਅ | ਵ | ਰ | ਨ | ਽ | ਸੂ਽ | ਽ਝੈ | ਽਽ |
| ਮੇਧੁਨੀਸ | ਸੰ | - | | ਨੀ | ਰੁੇਂ | ਸੰ | ਸੰ | ਸਰੁੇਂ | ਗੁੰ | ਰੁੇਂ | ਸੰਸੰ | ਸੰ | - | ਨੀ | ਸੰ |
| ਦੂ਽਽਽ | ਜੀ | ਽ | | ਠਾ | ਽ | ਹ | ਰ | ਹਾ਽ | ਽ | ਰਿ | ਪਰਿ | ਓ | ਽ | ਤ | ਉ |
| ਧੁਧੁ - | - | - | | ਮੇਧੁ | ਮੇਗੁ | ਰੁਗੁ | ਗੁਸ | | | | | | | | |
| ਦੁਆ਽ | ਽ | ਽ | | ਽਽ | ਽਽ | ਗੀ਽ | ਽਽ | | | | | | | | |

**ਤਾਨਾਂ**

1. ਸਰੁ ਗੁਮੇ ਧੁਧੁ ਪਪ ਮੇਧੁ ਮੇਗੁ ਰੁਗੁ ਰੁਸ
2. ਰੁਗੁ ਰੁਸ ਮੇਧੁ ਨੀਸਂ ਨੀਨੀ ਧੁਪ ਮੇਗੁ ਰੁਸ
3. ਮੇਧੁ ਨੀਸਂ ਰੁੇਂਸਂ ਨੀਸਂ ਨੀਧੁ ਪ- ਮੇਗੁ ਰੁਸ
4. ਧੁਨੀ ਸਰੁੇਂ ਸਂਨੀ ਧੁਪ ਮੇਧੁ ਮੇਗੁ ਰੁਗੁ ਰੁਸ
5. ਧੁਨੀ ਸਂਧੁ ਨੀਸਂ ਧੁਨੀ ਸਰੁੇਂ ਸਂਨੀ ਧੁਪ ਮੇਧੁ ਨੀਮੇ ਧੁਨੀ ਮੇਧੁ ਨੀਸਂ ਨੀਧੁ ਪਮੇ ਗੁਰੁ ਸ-

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
|---|---|---|
| ਸਤਿਗੁਰ ਆਇਓ ਸਰਣਿ ਤੁਹਾਰੀ ॥ | My True Guru, I have sought Thy protection. | ਮੇਰੇ ਸਚੇ ਗੁਰੂ ਜੀ, ਮੈਂ ਤੁਹਾਡੀ ਪਨਾਹ ਲਈ ਹੈ। |
| ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ | Grant me the peace and glory of God's Name, and remove thou my anxiety. | ਮੈਨੂੰ ਰਬ ਦੇ ਨਾਮ ਦੀ ਠੰਢ ਚੈਨ ਅਤੇ ਪ੍ਰਭਤਾ ਬਖ਼ਸ਼ ਅਤੇ ਤੂੰ ਮੇਰਾ ਫ਼ਿਕਰ ਰਫ਼ਾ ਕਰ। |
| ਰਹਾਉ ॥ | Pause. | ਠਹਿਰਾਉ। |
| ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ | I see not any other place of shelter. Growing weary I have fallen at Thy door. | ਮੈਨੂੰ ਹੋਰ ਕੋਈ ਪਨਾਹ ਦੀ ਥਾਂ ਨਹੀਂ ਦਿਸਦੀ। ਹਾਰ ਹੰਭ ਕੇ ਮੈਂ ਤੇਰੇ ਬੂਹੇ ਤੇ ਡਿਗਾ ਹਾਂ। |
| ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲਹੁ ਉਬਾਰੀ ॥੧॥ | Heed not my account, I can only be saved by ignoring the account. Save Thou, me, the meritless one, O Lord. | ਮੇਰਾ ਹਿਸਾਬ ਕਿਤਾਬ ਨਾ ਪੜਤਾਲ, ਮੈਂ ਕੇਵਲ ਲੇਖੇ ਪੱਤੇ ਨੂੰ ਅੱਖਾਂ ਤੋਂ ਉਹਲੇ ਕਰਨ ਨਾਲ ਹੀ ਬਚ ਸਕਦਾ ਹਾਂ। ਤੂੰ ਮੈਂ ਗੁਣ-ਵਿਹੂਣ ਦਾ ਪਾਰ ਉਤਾਰਾ ਕਰ ਦੇ, ਹੇ ਸੁਆਮੀ! |
| ਸਦ ਬਖਸਿੰਦ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ | Ever pardoner art Thou, ever Beneficent. Thou O Lord givest support to all. | ਸਦਾ ਮਾਫ਼ੀ ਦੇਣਹਾਰ ਤੂੰ ਹੈਂ, ਹਮੇਸ਼ਾ ਹੀ ਦਇਆਲੂ ਤੂੰ, ਹੇ ਸੁਆਮੀ ਸਾਰਿਆਂ ਨੂੰ ਆਸਰਾ ਦਿੰਦਾ ਹੈ। |
| ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥ | Slave Nanak follows the way of saints. Save him Thou, O Lord (in this birth) or (this time). | ਗੋਲਾ ਨਾਨਕ ਸਾਧੂਆਂ ਦੇ ਮਾਰਗ ਚਲਦਾ ਹੈ। ਹੇ ਸਾਹਿਬ! ਤੂੰ ਉਸ ਨੂੰ ਇਸ (ਜਨਮ ਵਿਚ) ਜਾਂ (ਇਸ ਦਫ਼ਾ) ਬਚਾ ਲੈ। |